# Sunday Samaj Weekly

Vol :16 : # 646: 01/03/2026 - 07/03/2026 www.samajweekly.com samajweekly @samajweekly

Punjabi, Hindi & English Newspaper- Uk&Eu Edition


# ISRAEL ਵੱਲੋਂ IRAN ਦੀ ਰਾਜਧਾਨੀ TEHRAN ਤੇ ਹੋਰ ਸ਼ਹਿਰਾਂ ’ਤੇ ਹਮਲਾ

## ਇਰਾਨ ਨੇ ਹਵਾਈ ਖੇਤਰ ਬੰਦ ਕੀਤਾ; ਮੋਬਾਈਲ ਫੋਨ ਸੇਵਾਵਾਂ ਬੰਦ




### ਇਰਾਨ ਦੇ ਰੱਖਿਆ ਮੰਤਰੀ ਅਤੇ ਗਾਰਡਜ਼ ਕਮਾਂਡਰ ਦੀ ਮੌਤ

**ਦੁਬਈ।** ਅਮਰੀਕਾ ਅਤੇ ਇਜ਼ਰਾਈਲ ਇਰਾਨ 'ਤੇ ਬਹੁਤ ਵੱਡਾ ਫੌਜੀ ਹਮਲਾ ਜਾਰੀ ਹੈ।ਇਜ਼ਰਾਈਲ ਦੇ ਫੌਜੀ ਅਪਰੇਸ਼ਨਾਂ ਬਾਰੇ ਜਾਣਕਾਰ ਦੋ ਸਰੋਤਾਂ ਅਤੇ ਇੱਕ ਖੇਤਰੀ ਸਰੋਤ ਨੇ ਦੱਸਿਆ ਕਿ ਇਰਾਨ ਦੇ ਰੱਖਿਆ ਮੰਤਰੀ ਅਮੀਰ ਨਾਸਿਰਜ਼ਾਦੇਹ ਅਤੇ ਰੈਵੋਲਿਊਸ਼ਨਰੀ ਗਾਰਡਜ਼ ਦੇ ਕਮਾਂਡਰ ਮੁਹੰਮਦ ਪਾਕਪੁਰ ਦੇ ਇਜ਼ਰਾਈਲੀ ਹਮਲਿਆਂ ਵਿੱਚ ਮਾਰੇ ਜਾਣ ਦਾ ਖਦਸ਼ਾ ਹੈ। ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨੀ ਜਨਤਾ ਨੂੰ "ਆਪਣੀ ਕਿਸਮਤ ਦਾ ਕੰਟਰੋਲ ਸੰਭਾਲਣ" ਅਤੇ 1979 ਤੋਂ ਦੇਸ਼ 'ਤੇ ਰਾਜ ਕਰ ਰਹੀ ਇਸਲਾਮੀ ਲੀਡਰਸ਼ਿਪ ਵਿਰੁੱਧ ਉੱਠ ਖੜ੍ਹੇ ਹੋਣ ਦਾ ਸੱਦਾ ਦਿੱਤਾ ਹੈ। ਪਹਿਲੇ ਹਮਲਿਆਂ ਵਿੱਚ ਸੁਪਰੀਮ ਲੀਡਰ ਆਇਤੁੱਲਾ ਅਲੀ ਖਾਮੇਨੇਈ ਦੇ ਦਫਤਰਾਂ ਦੇ ਆਲੇ-ਦੁਆਲੇ ਦੇ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਜਾਪਦਾ ਹੈ ਅਤੇ ਇਰਾਨੀ ਮੀਡੀਆ ਨੇ ਦੇਸ਼ ਵਿਆਪੀ ਹਮਲਿਆਂ ਦੀ ਰਿਪੋਰਟ ਦਿੱਤੀ ਹੈ। ਰਾਜਧਾਨੀ ਤੇਹਰਾਨ ਤੋਂ ਧੂੰਏਂ ਦੇ ਬੱਦਲ ਉੱਠਦੇ ਦੇਖੇ ਗਏ।

**ਤਲ ਅਵੀਵ, ।** ਇਜ਼ਰਾਈਲ ਨੇ ਇਰਾਨ ਦੀ ਰਾਜਧਾਨੀ ਤਹਿਰਾਨ ਤੇ ਹੋਰ ਸ਼ਹਿਰਾਂ ’ਤੇ ਮਿਜ਼ਾਈਲਾਂ ਨਾਲ ਹਮਲੇ ਕੀਤੇ ਜਿਸ ਕਾਰਨ ਕਈ ਥਾਈਂ ਅੱਗ ਲੱਗ ਗਈ। ਇਸ ਵੇਲੇ ਤਹਿਰਾਨ ਤੇ ਹੋਰ ਸ਼ਹਿਰਾਂ ਵਿਚ ਧੂੰਏਂ ਦੇ ਬੱਦਲ ਦੇਖੇ ਜਾ ਰਹੇ ਹਨ। ਇਹ ਹਮਲਾ ਅਮਰੀਕਾ ਨਾਲ ਪ੍ਰਮਾਣੂ ਮਾਮਲੇ ’ਤੇ ਕੀਤੀ ਗਈ ਗੱਲਬਾਤ ਦਰਮਿਆਨ ਹੀ ਕੀਤਾ ਗਿਆ ਹੈ। ਇਜ਼ਰਾਈਲ ਨੇ ਇਹ ਹਮਲਾ ਅਮਰੀਕਾ ਦੇ ਸਹਿਯੋਗ ਨਾਲ ਕੀਤਾ ਹੈ। ਇਸ ਦੌਰਾਨ ਇਰਾਨ ’ਤੇ ਕਈ ਮਿਜ਼ਾਈਲਾਂ ਦਾਗੀਆਂ ਗਈਆਂ। ਇਸ ਤੋਂ ਬਾਅਦ ਸੁਪਰੀਮ ਆਗੂ ਖਾਮੇਨੇਈ ਨੂੰ ਸੁਰੱਖਿਅਤ ਥਾਂ ’ਤੇ ਭੇਜਿਆ ਗਿਆ ਹੈ। ਇਹ ਹਮਲਾ ਭਾਰਤੀ ਸਮੇਂ ਅਨੁਸਾਰ ਸਵੇਰ ਵੇਲੇ ਕੀਤਾ ਗਿਆ। ਇਸ ਤੋਂ ਬਾਅਦ ਇਰਾਨ ਨੇ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਤੇ ਏਅਰਸਪੇਸ ਨੂੰ ਪੂਰੀ ਤਰ੍ਹਾਂ ਖਾਲੀ ਕਰਵਾ ਲਿਆ। ਇਸ ਦੌਰਾਨ ਖਾਮੇਨੇਈ ਦੇ ਦਫ਼ਤਰ ਨੇੜੇ ਵੀ ਹਮਲਾ ਕੀਤਾ ਗਿਆ। ਇਸ ਦੌਰਾਨ ਕਈ ਸ਼ਹਿਰਾਂ ਵਿਚ ਧਮਾਕੇ ਸੁਣਾਈ ਦਿੱਤੇ। ਅਮਰੀਕਾ ਤੇ ਇਜ਼ਰਾਈਲ ਵਲੋਂ ਕੀਤੇ ਗਏ ਹਮਲਿਆਂ ਤੋਂ ਬਾਅਦ ਇਰਾਨ ਨੇ ਕਿਹਾ ਕਿ ਉਹ ਜਵਾਬੀ ਕਾਰਵਾਈ ਲਈ ਤਿਆਰ ਹੈ ਤੇ ਜਲਦੀ ਹੀ ਹਮਲੇ ਕੀਤੇ ਜਾਣਗੇ। ਦੂਜੇ ਪਾਸੇ ਇਰਾਨ ਨੇ ਕਿਹਾ ਕਿ ਹਸਪਤਾਲਾਂ ਨੂੰ ਹਾਈ ਅਲਰਟ ’ਤੇ ਰੱਖ ਦਿੱਤਾ ਗਿਆ ਹੈ ਪਰ ਹਾਲੇ ਤਕ ਜ਼ਖਮੀਆਂ ਦੀ ਗਿਣਤੀ ਬਾਰੇ ਪਤਾ ਨਹੀਂ ਲੱਗ ਸਕਿਆ। ਇਰਾਨੀ ਮੀਡੀਆ ਅਤੇ ਐਸੋਸੀਏਟਡ ਪ੍ਰੈੱਸ (AP) ਦੀਆਂ ਰਿਪੋਰਟਾਂ ਅਨੁਸਾਰ ਇਜ਼ਰਾਈਲ ਨੇ ਇਰਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਹਨ। ਇਰਾਨੀ ਸਰੋਤਾਂ ਦਾ ਕਹਿਣਾ ਹੈ ਕਿ ਇਹ ਹਮਲੇ ਸਿਰਫ ਇੱਕ ਇਲਾਕੇ ਤੱਕ ਸੀਮਤ ਨਹੀਂ ਹਨ ਸਗੋਂ ਪੂਰੇ ਦੇਸ਼ ਵਿੱਚ ਕਈ ਮਹੱਤਵਪੂਰਨ ਥਾਵਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਜ਼ਰਾਈਲ ਵੱਲੋਂ ਕੀਤੀ ਗਈ ਇਸ ਵੱਡੀ ਫ਼ੌਜੀ ਕਾਰਵਾਈ ਨੇ ਖੇਤਰ ਵਿੱਚ ਜੰਗ ਦੇ ਹਾਲਾਤ ਪੈਦਾ ਕਰ ਦਿੱਤੇ ਹਨ ਅਤੇ ਇਰਾਨ ਦੇ ਕਈ ਸ਼ਹਿਰਾਂ ਵਿੱਚ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਹਨ।

# ਹਿਮਾਚਲ ਸਰਕਾਰ ਨੇ ਐਸ.ਡੀ.ਐਮ. ਓਸ਼ਿਨ ਸ਼ਰਮਾ ਨੂੰ ਚੇਤਾਵਨੀ ਕੀਤੀ ਜਾਰੀ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਸਰਕਾਰ ਨੇ ਸ਼ਿਮਲਾ (ਅਰਬਨ) ਦੀ ਐਸ.ਡੀ.ਐਮ. ਓਸ਼ਿਨ ਸ਼ਰਮਾ ਨੂੰ ਸੋਸ਼ਲ ਮੀਡੀਆ ’ਤੇ ਉਤਪਾਦਾਂ ਦੀ ਪ੍ਰਚਾਰ ਨਾ ਕਰਨ ਦੀ ਚੇਤਾਵਨੀ ਜਾਰੀ ਕੀਤੀ ਹੈ। ਓਸ਼ਿਨ ਸ਼ਰਮਾ, ਜੋ 2020 ਬੈਚ ਦੀ ਹਿਮਾਚਲ ਪ੍ਰਦੇਸ਼ ਪ੍ਰਸ਼ਾਸਕੀ ਸੇਵਾ (HPAS) ਅਧਿਕਾਰੀ ਹੈ, ਨੇ ਆਪਣੇ ਸੋਸ਼ਲ ਮੀਡੀਆ ਮੰਚਾਂ ’ਤੇ ਸਪਲੀਮੈਂਟਸ ਅਤੇ ਗਹਿਣਿਆਂ ਦੀ ਮਸ਼ਹੂਰੀ ਕੀਤੀ ਸੀ। ਇਹ ਪੋਸਟਾਂ ਵਾਇਰਲ ਹੋਣ ਤੋਂ ਬਾਅਦ ਲੋਕਾਂ ਵੱਲੋਂ ਤਿੱਖੀ ਪ੍ਰਤੀਕ੍ਰਿਆ ਸਾਹਮਣੇ ਆਈ। ਮਾਮਲਾ ਗੰਭੀਰ ਹੋਣ ’ਤੇ ਮੁੱਖ ਸਕੱਤਰ ਸੰਜੇ ਗੁਪਤਾ ਨੇ ਸ਼ਿਮਲਾ ਦੇ ਡਿਪਟੀ ਕਮਿਸ਼ਨਰ ਅਨੁਪਮ ਕਸ਼ਯਪ ਨੂੰ ਅਧਿਕਾਰੀ ਨੂੰ ਚੇਤਾਵਨੀ ਜਾਰੀ ਕਰਨ ਦੇ ਹੁਕਮ ਦਿੱਤੇ। ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਭਵਿੱਖ ਵਿੱਚ ਕੋਈ ਵੀ ਸਰਕਾਰੀ ਅਧਿਕਾਰੀ ਇਸ ਤਰ੍ਹਾਂ ਦੀ ਗਤੀਵਿਧੀ ਵਿੱਚ ਸ਼ਾਮਲ ਨਹੀਂ ਹੋ ਸਕਦਾ। ਚੇਤਾਵਨੀ ਮਿਲਣ ਤੋਂ ਬਾਅਦ ਓਸ਼ਿਨ ਸ਼ਰਮਾ ਨੇ ਆਪਣੇ ਸੋਸ਼ਲ



ਮੀਡੀਆ ਹੈਂਡਲਜ਼ ਤੋਂ ਉਹ ਪੋਸਟਾਂ ਹਟਾ ਦਿੱਤੀਆਂ ਹਨ ਅਤੇ ਆਪਣੇ ਸੋਸ਼ਲ ਮੀਡੀਆ ਖਾਤੇ ਵੀ ਬੰਦ ਕਰ ਦਿੱਤੇ ਹਨ। ਇਹ ਘਟਨਾ ਸਰਕਾਰੀ ਅਧਿਕਾਰੀਆਂ ਵੱਲੋਂ ਸੋਸ਼ਲ ਮੀਡੀਆ ਦੇ ਇਸਤੇਮਾਲ ’ਤੇ ਨੈਤਿਕਤਾ ਅਤੇ ਪੇਸ਼ਾਵਰਾਨਾ ਮਾਪਦੰਡਾਂ ਬਾਰੇ ਵੱਡੀ ਚਰਚਾ ਨੂੰ ਜਨਮ ਦੇ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਸਰਕਾਰੀ ਅਹੁਦੇ ’ਤੇ ਬੈਠੇ ਅਧਿਕਾਰੀਆਂ ਨੂੰ ਨਿੱਜੀ ਲਾਭ ਲਈ ਸੋਸ਼ਲ ਮੀਡੀਆ ਦਾ ਵਰਤੋਂ ਨਹੀਂ ਕਰਨੀ ਚਾਹੀਦੀ।

## ਆਂਧਰਾ ਪ੍ਰਦੇਸ਼ 'ਚ ਪਟਾਕੇ ਬਣਾਉਣ ਵਾਲੀ ਇਕਾਈ 'ਚ ਧਮਾਕੇ ਨਾਲ 18 ਲੋਕਾਂ ਦੀ ਮੌਤ

**ਆਂਧਰਾ ਪ੍ਰਦੇਸ਼।** ਆਂਧਰਾ ਪ੍ਰਦੇਸ਼ ਦੇ ਗ੍ਰਹਿ ਮੰਤਰੀ ਵੰਗਾਲਪੁਡੀ ਅਨੀਤਾ ਨੇ ਕਿਹਾ ਕਿ ਸ਼ਨੀਵਾਰ ਨੂੰ ਕਾਕੀਨਾਡਾ ਜ਼ਿਲ੍ਹੇ ਵਿੱਚ ਇੱਕ ਪਟਾਕਾ ਨਿਰਮਾਣ ਯੂਨਿਟ ਵਿੱਚ ਹੋਏ ਧਮਾਕੇ ਵਿੱਚ ਘੱਟੋ-ਘੱਟ 18 ਲੋਕਾਂ ਦੀ ਮੌਤ ਹੋ ਗਈ ਅਤੇ ਛੇ ਹੋਰ ਗੰਭੀਰ ਜ਼ਖਮੀ ਹੋ ਗਏ। ਗ੍ਰਹਿ ਮੰਤਰੀ ਨੇ ਡਰ ਪ੍ਰਗਟਾਇਆ ਕਿ ਮੌਤਾਂ ਦੀ ਗਿਣਤੀ ਵੱਧ ਸਕਦੀ ਹੈ। ਉਨ੍ਹਾਂ ਕਿਹਾ ਕਿ ਕਈ ਲੋਕਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਅਨੀਤਾ ਨੇ ਕਿਹਾ ਕਿ ਸਾਨੂੰ ਜਾਣਕਾਰੀ ਮਿਲੀ ਹੈ ਕਿ ਘੱਟੋ-ਘੱਟ 18 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਛੇ ਹੋਰ ਗੰਭੀਰ ਜ਼ਖਮੀ ਹਨ। ਇਸ ਦੌਰਾਨ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ। "ਕਾਕੀਨਾਡਾ ਜ਼ਿਲ੍ਹੇ ਦੇ ਵੇਤਲਾਪਾਲੇਮ ਪਿੰਡ ਵਿੱਚ ਇੱਕ ਪਟਾਕਾ ਨਿਰਮਾਣ ਯੂਨਿਟ ਵਿੱਚ ਹੋਏ ਧਮਾਕੇ ਵਿੱਚ ਕਈ ਲੋਕਾਂ ਦੀ ਜਾਨ ਜਾਣ 'ਤੇ ਬਹੁਤ ਦੁੱਖ ਹੋਇਆ ਹੈ," ਨਾਇਡੂ ਨੇ ਸੋਸ਼ਲ ਮੀਡੀਆ ਪਲੇਟਫਾਰਮ ਯ 'ਤੇ ਇੱਕ ਪੋਸਟ ਵਿੱਚ ਕਿਹਾ। ਨਾਇਡੂ ਨੇ ਕਿਹਾ ਕਿ ਉਨ੍ਹਾਂ ਨੇ ਹਾਦਸੇ ਬਾਰੇ ਅਧਿਕਾਰੀਆਂ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਪੀੜਤਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ, "ਅਸੀਂ ਬਚਾਅ ਯਤਨਾਂ ਦੀ ਨਿਗਰਾਨੀ ਕਰ ਰਹੇ ਹਾਂ ਅਤੇ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਕਰਾਂਗੇ।" ਇੱਕ ਅਧਿਕਾਰਤ ਪ੍ਰੈਸ ਰਿਲੀਜ਼ ਦੇ ਅਨੁਸਾਰ, ਧਮਾਕੇ ਦੇ ਸਮੇਂ ਪਟਾਕੇ ਬਣਾਉਣ ਵਾਲੀ ਇਕਾਈ ਵਿੱਚ ਲਗਭਗ 20 ਲੋਕ ਕੰਮ ਕਰ ਰਹੇ ਸਨ। ਨਾਇਡੂ ਨੇ ਸੀਨੀਅਰ ਅਧਿਕਾਰੀਆਂ ਅਤੇ ਮੰਤਰੀਆਂ ਨੂੰ ਹਾਦਸੇ ਵਾਲੀ ਥਾਂ ਦਾ ਦੌਰਾ ਕਰਨ ਦੇ ਨਿਰਦੇਸ਼ ਦਿੱਤੇ।

## ਬੋਲੀਵੀਆ ਵਿੱਚ ਕਰੰਸੀ ਲੈ ਕੇ ਜਾ ਰਿਹਾ ਇੱਕ ਜਹਾਜ਼ ਹਾਦਸਾਗ੍ਰਸਤ, 15 ਲੋਕਾਂ ਦੀ ਮੌਤ, 30 ਜ਼ਖ਼ਮੀ

**ਖ਼ਰਾਬ ਮੌਸਮ ਕਾਰਨ ਰਨਵੇਅ ਤੋਂ ਫਿਸਲਿਆ, ਲੋਕ ਹਾਈਵੇਅ 'ਤੇ ਖਿੰਡੇ ਹੋਏ ਨੋਟਾਂ ਨੂੰ ਚੁੱਕਣ ਲਈ ਭੱਜੇ**



**ਬੋਲੀਵੀਆ।** ਬੋਲੀਵੀਆ ਦੇ ਸ਼ਹਿਰ ਐਲ ਆਲਟੋ ਵਿੱਚ ਅੱਜ ਸਵੇਰੇ (ਭਾਰਤੀ ਸਮੇਂ ਅਨੁਸਾਰ) ਏਅਰ ਫੋਰਸ ਹਰਕਿਊਲਿਸ ਦਾ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਪੰਦਰਾਂ ਲੋਕ ਮਾਰੇ ਗਏ ਅਤੇ 30 ਤੋਂ ਵੱਧ ਜ਼ਖ਼ਮੀ ਹੋ ਗਏ। ਜਹਾਜ਼ ਦੇਸ਼ ਦੇ ਕੇਂਦਰੀ ਬੈਂਕ ਤੋਂ ਨਵੇਂ ਨੋਟ ਲੈ ਕੇ ਜਾ ਰਿਹਾ ਸੀ। ਇੱਕ ਰਿਪੋਰਟ ਦੇ ਅਨੁਸਾਰ, ਖ਼ਰਾਬ ਮੌਸਮ ਵਿੱਚ ਲੈਂਡਿੰਗ ਕਰਨ ਤੋਂ ਬਾਅਦ, ਜਹਾਜ਼ ਰਨਵੇਅ ਤੋਂ ਫਿਸਲ ਗਿਆ ਅਤੇ ਨੇੜੇ ਦੀ ਇੱਕ ਵਿਅਸਤ ਸੜਕ 'ਤੇ ਉਤਰ ਗਿਆ। ਜਹਾਜ਼ ਸੜਕੇ 'ਤੇ ਖੜ੍ਹੇ 10 ਤੋਂ 15 ਵਾਹਨਾਂ ਨਾਲ ਟਕਰਾ ਗਿਆ ਅਤੇ ਨੁਕਸਾਨਿਆ ਗਿਆ। ਜਹਾਜ਼ ਦਾ ਮਲਬਾ, ਟੁੱਟੀਆਂ ਕਾਰਾਂ ਅਤੇ ਲਾਸ਼ਾਂ ਸੜਕ 'ਤੇ ਖਿੰਡੀਆਂ ਹੋਈਆਂ ਸਨ। ਬੈਂਕ ਨੋਟ ਵੀ ਸੜਕ 'ਤੇ ਖਿੰਡ ਗਏ ਅਤੇ ਲੋਕ ਉਨ੍ਹਾਂ ਨੂੰ ਚੁੱਕਣ ਲਈ ਮੌਕੇ 'ਤੇ ਇਕੱਠੇ ਹੋਏ। ਹਾਦਸੇ ਤੋਂ ਬਾਅਦ ਹਵਾਈ ਅੱਡੇ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓਜ਼ ਵਿੱਚ ਹਾਦਸੇ ਤੋਂ ਬਾਅਦ ਹਫੜਾ-ਦਫੜੀ ਦਿਖਾਈ ਦੇ ਰਹੀ ਹੈ। ਸਥਾਨਕ ਅਧਿਕਾਰੀਆਂ ਨੂੰ ਸਥਿਤੀ ਨੂੰ ਕਾਬੂ ਕਰਨ ਲਈ ਪਾਣੀ ਦੀਆਂ ਤੋਪਾਂ ਅਤੇ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ। ਹਾਲਾਂਕਿ, ਇਨ੍ਹਾਂ ਵੀਡੀਓਜ਼ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਅਰਵਿੰਦ ਖੰਨਾ ਸ਼੍ਰੋਮਣੀ ਅਕਾਲੀ ਦਲ 'ਚ ਹੋਏ ਸ਼ਾਮਲ



**ਸੰਗਰੂਰ ।** 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨੂੰ ਅੱਜ ਉਸ ਸਮੇਂ ਵੱਡਾ ਝਟਕਾ ਲੱਗਿਆ ਤੋਂ ਸੰਗਰੂਰ ਤੋਂ ਭਾਜਪਾ ਆਗੂ ਅਰਵਿੰਦ ਖੰਨਾ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ ਗਿਆ। ਜ਼ਿਕਰਯੋਗ ਹੈ ਕਿ ਜਨਵਰੀ 2022 ’ਚ ਅਰਵਿੰਦ ਖੰਨਾ ਭਾਜਪਾ ’ਚ ਸ਼ਾਮਲ ਹੋਏ ਸਨ। ਜਦਕਿ ਇਸ ਤੋਂ ਪਹਿਲਾਂ ਉਹ ਕਾਂਗਰਸ ਪਾਰਟੀ ਦੇ ਵਿਧਾਇਕ ਵੀ ਰਹਿ ਚੁੱਕੇ ਹਨ। ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ ਉਨ੍ਹਾਂ ਨੇ ਰਾਜਨੀਤੀ ਤੋਂ ਦੂਰੀ ਬਣਾ ਲਈ ਪਰ ਉਹ 2022 ’ਚ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣ ਤੋਂ ਬਾਅਦ ਫਿਰ ਤੋਂ ਸਰਗਰਮ ਸਿਆਸਤ ਵਿਚ ਆਏ ਸਨ। ਅਰਵਿੰਦ ਖੰਨਾ ਦਾ ਸੰਗਰੂਰ ਵਿਧਾਨ ਸਭਾ ਹਲਕੇ ’ਚ ਕਾਫ਼ੀ ਸਿਆਸੀ ਆਧਾਰ ਹੈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਅਕਾਲੀ ਦਲ ਵਿਚ ਸ਼ਾਮਲ ਹੋਣ ਦੀਆਂ ਗੱਲਾਂ ਝੂਠੀਆਂ : ਬੀਬੀ ਭੱਠਲ



**ਲਹਿਰਾਗਾਗਾ :** ਪਿਛਲੇ ਕੁੱਝ ਦਿਨਾਂ ਤੋਂ ਪੁਰਾਣੇ ਸਿਆਸੀ ਮਾਮਲਿਆਂ ਬਾਰੇ ਇਕ ਇੰਟਰਵਿਊ ਦੌਰਾਨ ਹੋਈ ਗੱਲਬਾਤ ਉਪਰੰਤ ਸੋਸ਼ਲ ਮੀਡੀਆ ’ਤੇ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੀਆਂ ਗੱਲਾਂ ਜ਼ੋਰ-ਸ਼ੋਰ ਨਾਲ ਪ੍ਰਚਾਰੀਆਂ ਜਾ ਰਹੀਆਂ ਸਨ। ਇਨ੍ਹਾਂ ਅਫ਼ਵਾਹਾਂ ਨੂੰ ਲੈ ਕੇ ਬੀਬੀ ਭੱਠਲ ਨੇ ਅਪਣੀ ਚੁੱਪ ਤੋੜਦਿਆਂ ਇਨ੍ਹਾਂ ਨੂੰ ਬਿਲਕੁਲ ਬੇਬੁਨਿਆਦ ਅਤੇ ਗ਼ਲਤ ਕਰਾਰ ਦਿਤਾ ਹੈ। ਬੀਬੀ ਭੱਠਲ ਨੇ ਸਪੱਸ਼ਟ ਕਿਹਾ ਹੈ ਕਿ ਮੈਂ ਕਾਂਗਰਸੀ ਸੀ, ਕਾਂਗਰਸੀ ਹਾਂ ਅਤੇ ਕਾਂਗਰਸ ਵਿਚ ਹੀ ਰਹਾਂਗੀ। ਉਨ੍ਹਾਂ ਅੱਗੇ ਕਿਹਾ ਕਿ ਸੋਸ਼ਲ ਮੀਡੀਆ ’ਤੇ ਚਲ ਰਿਹਾ ਇਹ ਪ੍ਰਚਾਰ ਸਿਰਫ਼ ਵਿਊਜ਼ ਬਟੋਰਨ ਅਤੇ ਧਿਆਨ ਖਿੱਚਣ ਲਈ ਕੀਤਾ ਜਾ ਰਿਹਾ ਹੈ। ਅਸਲ ਵਿਚ ਅਜਿਹੀ ਕੋਈ ਗੱਲ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਨੇ ਕਦੇ ਅਕਾਲੀ ਦਲ ਜਾਂ ਕਿਸੇ ਹੋਰ ਪਾਰਟੀ ਵਿਚ ਜਾਣ ਬਾਰੇ ਸੋਚਿਆ ਹੈ। ਇਸ ਤੋਂ ਇਲਾਵਾ, ਬੀਬੀ ਭੱਠਲ ਨੇ ਹਾਲ ਹੀ ਵਿਚ ਵਾਇਰਲ ਹੋਈ ‘ਬੰਬ’ ਵਾਲੀ ਟਿਪਣੀ ਬਾਰੇ ਵੀ ਸਪੱਸ਼ਟੀਕਰਨ ਦਿਤਾ। ਉਨ੍ਹਾਂ ਕਿਹਾ ਕਿ ਇਸ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਇਹ ਗੱਲ ਸੂਬੇ ਦੇ ਮੌਜੂਦਾ ਹਾਲਾਤ ਵਲ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਧਿਆਨ ਦਿਵਾਉਣ ਅਤੇ ਰੋਜ਼ਾਨਾ ਦੀ ਲੁੱਟ-ਖੋਹ ਸਕੂਲਾਂ ਨੂੰ ਬੰਬਾਂ ਨਾਲ ਉਡਾਉਣ ਅਤੇ ਕਾਤਲੋਗਾਰਦ ਨੂੰ ਰੋਕਣ ਲਈ ਕਹੀ ਗਈ ਸੀ। ਬੀਬੀ ਭੱਠਲ ਪੰਜਾਬ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਰਹਿ ਚੁੱਕੇ ਹਨ ਅਤੇ ਲਹਿਰਾਗਾਗਾ ਹਲਕੇ ਤੋਂ ਲਗਾਤਾਰ ਵਿਧਾਇਕ ਰਹੀਆਂ ਹਨ। ਉਨ੍ਹਾਂ ਦਾ ਇਹ ਬਿਆਨ ਪਾਰਟੀ ਵਿਚ ਉਨ੍ਹਾਂ ਦੀ ਮਜ਼ਬੂਤ ਸਥਿਤੀ ਨੂੰ ਵੀ ਦਰਸਾਉਂਦਾ ਹੈ।

## ਪੰਜਾਬ ਦੇ ਸਕੂਲਾਂ ਨੂੰ ਲੈ ਕੇ ਵੱਡੀ ਖ਼ਬਰ, ਮੁੜ ਬਦਲਿਆ ਸਮਾਂ



**ਚੰਡੀਗੜ੍ਹ।** ਪੰਜਾਬ ਦੇ ਸਕੂਲਾਂ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ, ਪੰਜਾਬ ਸਰਕਾਰ ਨੇ ਬਦਲਦੇ ਮੌਸਮ ਦੇ ਮੱਦੇਨਜ਼ਰ ਮੁੜ ਸਕੂਲਾਂ ਦਾ ਸਮਾਂ ਬਦਲ ਦਿੱਤਾ ਹੈ। ਸਿੱਖਿਆ ਵਿਭਾਗ ਵਲੋਂ ਜਾਰੀ ਇਕ ਹੁਕਮ ਮੁਤਾਬਕ ਪ੍ਰਾਇਮਰੀ ਸਕੂਲ ਸਵੇਰੇ 8:30 ਵਜੇ ਤੋਂ ਦੁਪਹਿਰ 2:30 ਵਜੇ ਤੱਕ ਖੁੱਲ੍ਹਣਗੇ, ਜਦੋਂ ਕਿ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਸਵੇਰੇ 8:30 ਵਜੇ ਤੋਂ ਦੁਪਹਿਰ 2:50 ਵਜੇ ਤੱਕ ਖੁੱਲ੍ਹਣਗੇ। ਮਿਲੀ ਜਾਣਕਾਰੀ ਮੁਤਾਬਿਕ ਪੰਜਾਬ ਸਰਕਾਰ ਨੇ ਬਦਲਦੇ ਮੌਸਮ ਦੇ ਮੱਦੇਨਜ਼ਰ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਦੇ ਸਮੇਂ ਵਿੱਚ ਤਬਦੀਲੀ ਕਰਨ ਦਾ ਫੈਸਲਾ ਕੀਤਾ ਹੈ। ਨਵੇਂ ਹੁਕਮ 1 ਮਾਰਚ ਤੋਂ 31 ਮਾਰਚ ਤੱਕ ਲਾਗੂ ਰਹਿਣਗੇ।

## ਅੰਮ੍ਰਿਤਸਰ ਪੁਲਿਸ ਨੇ ਕਰੋੜਾਂ ਦੀ ਹੈਰੋਇਨ ਸਮੇਤ 10 ਮੁਲਜ਼ਮ ਕੀਤੇ ਗ੍ਰਿਫ਼ਤਾਰ




**ਅੰਮ੍ਰਿਤਸਰ।** ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਦੋ ਸੰਗਠਿਤ ਗਿਰੋਹਾਂ ਦਾ ਪਰਦਾਫਾਸ਼ ਕੀਤਾ ਹੈ। ਇਸ ਕਾਰਵਾਈ ਵਿੱਚ, ਪੁਲਿਸ ਨੇ ਕੁੱਲ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਵੱਡੀ ਮਾਤਰਾ ਵਿੱਚ ਹੈਰੋਇਨ ਅਤੇ ਹਥਿਆਰ ਬਰਾਮਦ ਕੀਤੇ ਹਨ। ਪੁਲਿਸ ਦੇ ਅਨੁਸਾਰ, ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਤੋਂ 5.438 ਕਿਲੋਗ੍ਰਾਮ ਹੈਰੋਇਨ, ਤਿੰਨ ਪਿਸਤੌਲ ਤੇ 34 ਜ਼ਿੰਦਾ ਕਾਰਤੂਸ ਅਤੇ 4,500 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਸੋਸ਼ਲ ਮੀਡੀਆ ਰਾਹੀਂ ਪਾਕਿਸਤਾਨ ਸਥਿਤ ਤਸਕਰਾਂ ਦੇ ਸੰਪਰਕ ਵਿੱਚ ਸਨ। ਪੁਲਿਸ ਅਨੁਸਾਰ, ਹੈਰੋਇਨ ਅਤੇ ਗੈਰ-ਕਾਨੂੰਨੀ ਹਥਿਆਰ ਪਹਿਲਾਂ ਭਾਰਤੀ ਸਰਹੱਦ ਪਾਰੋਂ ਤਸਕਰੀ ਕੀਤੇ ਜਾਂਦੇ ਸਨ ਅਤੇ ਫਿਰ ਇੱਕ ਸੰਗਠਿਤ ਨੈੱਟਵਰਕ ਰਾਹੀਂ ਵੱਖ-ਵੱਖ ਖੇਤਰਾਂ ਵਿੱਚ ਵੰਡੇ ਜਾਂਦੇ ਸਨ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਐਨਡੀਪੀਐਸ ਐਕਟ ਅਤੇ ਆਰਮਜ਼ ਐਕਟ ਤਹਿਤ ਕਈ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਇਸ ਪੂਰੇ ਗਿਰੋਹ ਦਾ ਪਰਦਾਫਾਸ਼ ਕਰਨ ਲਈ ਹੋਰ ਜਾਂਚ ਜਾਰੀ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਨਸ਼ਿਆਂ ਅਤੇ ਗੈਰ-ਕਾਨੂੰਨੀ ਹਥਿਆਰਾਂ ਵਿਰੁੱਧ ਆਪਣੀ ਜ਼ੀਰੋ-ਟੌਲਰੈਂਸ ਨੀਤੀ 'ਤੇ ਦ੍ਰਿੜ ਹੈ। ਸੂਬੇ ਅਤੇ ਸਮਾਜ ਦੀ ਸ਼ਾਂਤੀ ਲਈ ਖ਼ਤਰਾ ਪੈਦਾ ਕਰਨ ਵਾਲੇ ਕਿਸੇ ਵੀ ਗਿਰੋਹ ਨੂੰ ਬਖਸ਼ਿਆ ਨਹੀਂ ਜਾਵੇਗਾ।" ਇਸ ਪੁਲਿਸ ਕਾਰਵਾਈ ਨੂੰ ਸੂਬੇ ਵਿੱਚ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਵਿਰੁੱਧ ਇੱਕ ਵੱਡੀ ਸਫਲਤਾ ਮੰਨਿਆ ਜਾ ਰਿਹਾ ਹੈ।




# ਟੋਲ ਪਲਾਜ਼ਾ ਬੱਛੂਆਂ ਦੇ ਵਰਕਰਾਂ ਨੇ ਸਰਬਸੰਮਤੀ ਨਾਲ ਵਰਕਰ ਯੂਨੀਅਨ ਗੰਠਨ ਕੀਤਾ



**ਨਵਾਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਟੋਲ ਪਲਾਜ਼ਾ ਬੱਛੂਆਂ ਵਿੱਚ ਕੰਮ ਕਰ ਰਹੇ ਵਰਕਰਾਂ ਦੀ ਅੱਜ ਇੱਕ ਅਹਿਮ ਮੀਟਿੰਗ ਹੋਈ। ਜਿਸ ਵਿੱਚ ਉਹਨਾਂ ਨੇ ਟੋਲ ਪਲਾਜ਼ਾ ਯੂਨੀਅਨ ਬਣਾਉਣ ਮਤਾ ਰੱਖਿਆ ਅਤੇ ਜਿਸ ਸਾਰੀਆਂ ਵਰਕਰਾਂ ਨੇ ਹੱਥ ਖੜ੍ਹੇ ਕਰਕੇ ਮਨਜ਼ੂਰੀ ਦੇ ਦਿੱਤੀ ਉਪਰੰਤ ਸਰਬਸੰਮਤੀ ਚੋਣ ਕੀਤੀ ਗਈ ਜਿਸ ਵਿੱਚ ਨਿਰਮਲ ਸਿੰਘ ਚੇਅਰਮੈਨ ਹਰਪ੍ਰੀਤ ਸਿੰਘ ਪ੍ਰਧਾਨ ਚੁਣੇ ਗਏ ਜਿਸ ਵਿੱਚ ਸਰਬਸੰਮਤੀ ਨਾਲ ਮੈਬਰਾਂ ਦੀ ਚੋਣ ਕੀਤੀ ਅਤੇ ਹਰਜੀਤ ਸਿੰਘ (ਬਿੱਲਾ ), ਦੀਦਾਰ ਚੰਦ, ਇਕਬਾਲ ਸਿੰਘ, ਪ੍ਰਦੀਪ ਕੁਮਾਰ, ਅਸ਼ਵਨੀ ਕੁਮਾਰ, ਰੋਹਿਤ, ਪਰਮਿੰਦਰ ਪੰਮਾ, ਰੋਹਿਤ ਗੁੱਜਰ, ਦਿਲਾਬਰ, ਗੁਰਚਰਨ ਗੁੱਜਰ, ਸੰਜੇ, ਗੋਰਵ, ਕਮਲਪ੍ਰੀਤ ਸਿੰਘ, ਸੰਜੀਵ ਕੁਮਾਰ, ਵਰਿੰਦਰ ਸਿੰਘ ਮੈਂਬਰ ਲਏ ਗਏ। ਇਸ ਮੌਕੇ ਚੇਅਰਮੈਨ ਨਿਰਮਲ ਸਿੰਘ ਅਤੇ ਪ੍ਰਧਾਨ ਹਰਪ੍ਰੀਤ ਸਿੰਘ ਦੱਸਿਆ ਕਿ ਚੁਣੇ ਗਏ ਮੈਬਰਾਂ ਵਿੱਚੋਂ ਜਲਦੀ ਹੀ ਯੂਨੀਅਨ ਦੇ ਹੋਰ ਅਹੁਦੇਦਾਰ ਚੁਣੇ ਜਾਣਗੇ।ਇਸ ਮੌਕੇ ਮੁੱਖ ਤੌਰ ਤੇ ਪਹੁੰਚੇ ਹੋਏ ਲੋਕਾਂ ਗੁਰਪ੍ਰੀਤ (ਬੁੱਗੀ ) ਜੱਸਾ ਮੰਡ, ਬਿੰਦਾ ਨੰਗਲ, ਬਿੰਦਰ ਟੌਂਸਾ, ਪੈਰੀ, ਸਾਹਿਲ ਮੰਡ,ਪਰਮਿੰਦਰ, ਬੱਲੂ ਟੌਂਸਾ, ਗੋਪੀ ਆਦਿ ਹਾਜ਼ਰ ਸਨ ।

# ਡਾ. ਨੀਰਜ ਗੋਇਲ ਨੂੰ ਕਿਡਨੀ ਟ੍ਰਾਂਸਪਲਾਂਟ ਵਿੱਚ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਸੀਨੀਅਰ ਕਿਡਨੀ ਟ੍ਰਾਂਸਪਲਾਂਟ ਸਰਜਨ ਡਾ. ਨੀਰਜ ਗੋਇਲ ਨੂੰ ਲੋਕ ਸਭਾ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਹੈਲਥ ਕੇਅਰ ਅਵਾਰਡ 2026 ਦੌਰਾਨ ਸਨਮਾਨਿਤ ਕੀਤਾ। ਡਾ. ਗੋਇਲ, ਜਿਨ੍ਹਾਂ ਨੇ 1000 ਤੋਂ ਵੱਧ ਕਿਡਨੀ ਟ੍ਰਾਂਸਪਲਾਂਟ ਕੀਤੇ ਹਨ, ਨੂੰ ਕਿਡਨੀ ਟ੍ਰਾਂਸਪਲਾਂਟ ਸੇਵਾ ਨੂੰ ਅੱਗੇ ਵਧਾਉਣ ਅਤੇ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਦੇ ਮਰੀਜ਼ਾਂ ਨੂੰ ਗੁਰਦੇ ਦੀ ਦੇਖਭਾਲ ਦੀ ਪਹੁੰਚ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਡਾ. ਗੋਇਲ ਨੇ ਕਿਡਨੀ ਦੀ ਸਿਹਤ, ਪੁਰਾਣੀ ਕਿਡਨੀ ਦੀ ਬਿਮਾਰੀ ਵਿੱਚ ਯੋਗਦਾਨ ਪਾਉਣ ਵਾਲੇ ਮੁੱਖ ਜੋਖਮ ਕਾਰਕਾਂ ਅਤੇ ਰੋਕਥਾਮ ਅਤੇ ਜਲਦੀ ਨਿਦਾਨ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਖੇਤਰ ਵਿੱਚ ਕਿਡਨੀ ਦੀਆਂ ਬਿਮਾਰੀਆਂ ਦੇ ਵਧਦੇ ਬੋਝ ਨੂੰ ਘੱਟ ਕਰਨ ਲਈ ਜਾਗਰੂਕਤਾ ਵਧਾਉਣਾ, ਸਮੇਂ 'ਤੇ ਜਾਂਚ ਅਤੇ ਜੀਵਨ ਸ਼ੈਲੀ ਵਿੱਚ ਬਦਲਾਅ ਮਹੱਤਵਪੂਰਨ ਹਨ।




# ਐਮਬੀਸੀਈ ਨੇ ਆਈਆਈਟੀ ਰੋਪੜ ਪ੍ਰਮਾਣਿਤ ਏਆਈ ਕੋਰਸ 2025-26 ਲਈ ਆਪਣਾ ਪਹਿਲਾ ਗ੍ਰੈਜੂਏਸ਼ਨ ਸਮਾਰੋਹ ਆਯੋਜਿਤ ਕੀਤਾ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮੁੰਜਾਲ ਬਰਮਿੰਘਮ ਸਿਟੀ ਯੂਨੀਵਰਸਿਟੀ ਸੈਂਟਰ ਆਫ ਇਨੋਵੇਸ਼ਨ ਐਂਡ ਐਂਟਰਪ੍ਰਿਨਿਉਰਸ਼ਿਪ (MBCIE) ਵੱਲੋਂ ਲੁਧਿਆਣਾ ਵਿੱਚ ਆਈਆਈਟੀ ਰੋਪੜ ਪ੍ਰਮਾਣਿਤ ਏਆਈ ਕੋਰਸ (2025-26 ਬੈਚ) ਲਈ ਆਪਣਾ ਪਹਿਲਾ ਗ੍ਰੈਜੂਏਸ਼ਨ ਸਮਾਰੋਹ ਗੌਰਵ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਰੋਹ ਉਦਯੋਗ-ਅਨੁਕੂਲ ਅਤੇ ਭਵਿੱਖ-ਕੇਂਦ੍ਰਿਤ ਸਿੱਖਿਆ ਵੱਲ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਇਆ। ਇਸ ਸਮਾਰੋਹ ਦੌਰਾਨ ਭਾਰਤੀ ਪ੍ਰਧੋਗਿਕੀ ਸੰਸਥਾਨ ਰੋਪੜ ਦੇ ਸਹਿਯੋਗ ਨਾਲ ਚਲਾਏ ਗਏ ਵਿਸ਼ੇਸ਼ ਆਰਟੀਫ਼ਿਸ਼ਲ ਇੰਟੈਲੀਜੈਂਸ ਪ੍ਰੋਗਰਾਮ - Al for HR, Al for Sales & Markeitng, Gen Al for Everyone ਅਤੇ Al for Educators – ਸਫਲਤਾਪੂਰਵਕ ਪੂਰੇ ਕਰਨ ਵਾਲੇ ਭਾਗੀਦਾਰਾਂ ਨੂੰ ਸਨਮਾਨਿਤ ਕੀਤਾ ਗਿਆ।

ਸਨਾਤਕ ਭਾਗੀਦਾਰਾਂ ਨੂੰ ਉਨ੍ਹਾਂ ਦੀ ਸਮਰਪਣ ਭਾਵਨਾ, ਅਕਾਦਮਿਕ ਸ਼੍ਰੇਸ਼ਠਤਾ ਅਤੇ ਉਭਰ ਰਹੀਆਂ ਤਕਨਾਲੋਜੀਆਂ ਵਿੱਚ ਮਾਹਰਤਾ ਹਾਸਲ ਕਰਨ ਦੀ ਵਚਨਬੱਧਤਾ ਲਈ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ।ਇਸ ਗੌਰਵਮਈ ਸਮਾਰੋਹ ਵਿੱਚ ਪ੍ਰਮੁੱਖ ਮਹਿਮਾਨਾਂ ਵਜੋਂ ਆਈਆਈਟੀ ਰੋਪੜ ਦੇ ਡਾਇਰੈਕਟਰ ਪ੍ਰੋ: ਰਾਜੀਵ ਆਹੂਜਾ ਅਤੇ ਹੀਰੋ ਐਂਟਰਪ੍ਰਾਈਜ਼ਜ਼ ਅਤੇ ਐਮਬੀਸੀਈ ਦੇ ਚੇਅਰਮੈਨ ਡਾ: ਸੁਨੀਲ ਕਾਂਤ ਮੁੰਜਾਲ ਹਾਜ਼ਰ ਰਹੇ। ਉਨ੍ਹਾਂ ਨੇ ਸਮਾਰੋਹ ਦੌਰਾਨ 100 ਉਮੀਦਵਾਰਾਂ ਨੂੰ ਸਨਮਾਨਿਤ ਕੀਤਾ। ਆਪਣੇ ਸੰਬੋਧਨ ਵਿੱਚ ਪ੍ਰੋ: ਰਾਜੀਵ ਆਹੂਜਾ ਨੇ ਵਿਸ਼ਵ ਪੱਧਰੀ ਉਦਯੋਗਾਂ ਨੂੰ ਆਕਾਰ ਦੇਣ ਵਿੱਚ ਆਰਟੀਫ਼ਿਸ਼ਲ ਇੰਟੈਲੀਜੈਂਸ ਦੀ ਬਦਲਾਅਕਾਰੀ ਭੂਮਿਕਾ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਆਪਣੇ ਗਿਆਨ ਨੂੰ ਅਸਲ ਜੀਵਨ ਦੀਆਂ ਚੁਣੌਤੀਆਂ ਹੱਲ ਕਰਨ ਲਈ ਵਰਤਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਐਮਬੀਸੀਈ ਦੀ ਇਸ ਪਹਿਲ ਦੀ ਸਰਾਹਨਾ ਕੀਤੀ ਜਿਸ ਰਾਹੀਂ ਪ੍ਰੀਮੀਅਰ ਤਕਨੀਕੀ ਸਿੱਖਿਆ ਅਤੇ ਆਈਆਈਟੀ ਪ੍ਰਮਾਣਿਤ ਪ੍ਰੋਗਰਾਮ ਉਤਸੁਕ ਸਿਖਿਆਰਥੀਆਂ ਤੱਕ ਪਹੁੰਚ ਰਹੇ ਹਨ ਅਤੇ ਵਿਦਿਆਰਥੀਆਂ ਨੂੰ ਆਪਣੇ ਗਿਆਨ ਦੀ ਜ਼ਿੰਮੇਵਾਰੀ ਲੈਣ ਅਤੇ ਉਸਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਕੀਤਾ।

ਡਾ: ਸੁਨੀਲ ਕਾਂਤ ਮੁੰਜਾਲ ਨੇ ਗ੍ਰੈਜੂਏਟ ਹੋ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਤੇਜ਼ੀ ਨਾਲ ਬਦਲ ਰਹੇ ਤਕਨੀਕੀ ਦੌਰ ਵਿੱਚ ਨਵੀਨਤਾ, ਅਨੁਕੂਲਤਾ ਅਤੇ ਨਿਰੰਤਰ ਸਿੱਖਣ ਦੀ ਮਹੱਤਤਾ 'ਤੇ ਰੋਸ਼ਨੀ ਪਾਈ। ਉਨ੍ਹਾਂ ਨੇ ਦੁਹਰਾਇਆ ਕਿ ਐਮਬੀਸੀਈ ਤਕਨੀਕੀ ਤੌਰ 'ਤੇ ਮਜ਼ਬੂਤ ਅਤੇ ਉਦਯੋਗ-ਤਿਆਰ ਪ੍ਰਤਿਭਾ ਨੂੰ ਨਿਖਾਰਨ ਲਈ ਵਚਨਬੱਧ ਹੈ।

ਇਸ ਮੌਕੇ 'ਤੇ ਲੁਧਿਆਣਾ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ 30 ਤੋਂ ਵੱਧ ਪ੍ਰਿੰਸੀਪਲ ਵੀ ਸ਼ਾਮਲ ਹੋਏ। ਡਾ: ਪ੍ਰੇਮ ਕੁਮਾਰ, ਏਗਜ਼ੈਕਟਿਵ ਡਾਇਰੈਕਟਰ ਨੇ ਪਿਛਲੇ ਇੱਕ ਸਾਲ ਦੀ ਐਮਬੀਸੀਈ ਦੀ ਸੰਸਥਾਗਤ ਰਿਪੋਰਟ ਪੇਸ਼ ਕੀਤੀ। ਆਈਹੱਬ-ਅਵਧ, ਆਈਆਈਟੀ ਰੋਪੜ ਦੀ ਸੀਈਓ ਡਾ: ਰਾਧਿਕਾ ਤ੍ਰਿਖਾ ਨੇ ਨਵੇਂ ਪੀਜੀਪੀ ਪ੍ਰੋਗਰਾਮ ਸ਼ੁਰੂ ਕਰਨ ਲਈ ਐਮਓਯੂ 'ਤੇ ਦਸਤਖਤ ਕਰਵਾਉਣ ਵਿੱਚ ਸਹਿਯੋਗ ਦਿੱਤਾ। ਇਹ ਐਮਓਯੂ ਪ੍ਰੋ: ਰਾਜੀਵ ਆਹੂਜਾ ਅਤੇ ਡਾ: ਸੁਨੀਲ ਕਾਂਤ ਮੁੰਜਾਲ ਵੱਲੋਂ ਦੋਵਾਂ ਸੰਸਥਾਵਾਂ ਦੀ ਓਦੋਂ ਸਾਈਨ ਕੀਤਾ ਗਿਆ। ਇਸ ਦੌਰਾਨ ਅਲ ਡੋਰ iFnance, Al for Future Leaders ਅਤੇ 6 ਮਹੀਨੇ ਦੀ ਮਿਆਦ ਵਾਲੇ PGPi n Al & Macihne Learinng, PGPi n Data Analyitcs & AI, PGPi n VR & AR ਵਰਗੇ ਨਵੇਂ ਕੋਰਸ ਵੀ ਲਾਂਚ ਕੀਤੇ ਗਏ।ਇੰਕਿਊਬੇਸ਼ਨ ਡਾਇਰੈਕਟਰ ਸ਼੍ਰੀ ਸ਼ਿਬਾਨੰਦ ਦਾਸ ਨੇ ਆਰੰਭ 2026 ਦੀ ਸ਼ੁਰੂਆਤ ਕੀਤੀ ਅਤੇ ਇਸ ਲਈ ਟੀ-ਸ਼ਰਟਾਂ ਦਾ ਅਨਾਵਰਣ ਕੀਤਾ। ਪ੍ਰੋਗਰਾਮ ਡਾਇਰੈਕਟਰ ਇਰ ਸ਼ਿਲਪਾ ਮਿਗਲਾਨੀ ਨੇ ਅੰਤ ਵਿੱਚ ਧੰਨਵਾਦ ਪ੍ਰਸਤਾਵ ਪੇਸ਼ ਕੀਤਾ ਅਤੇ ਸਾਰੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਹੀਰੋ ਸਾਈਕਲਜ਼ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਐਸ.ਕੇ. ਰਾਇ ਨੇ ਸਾਰੇ ਭਾਗੀਦਾਰਾਂ ਨੂੰ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਸਿੱਖਿਆ ਦੀ ਮਹੱਤਤਾ

ਸਿੱਖਿਆ ਮਨੁੱਖੀ ਜੀਵਨ ਦਾ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ। ਸਿੱਖਿਆ ਸਾਨੂੰ ਪੜ੍ਹਨਾ, ਲਿਖਣਾ ਅਤੇ ਸੋਚਣਾ ਸਿਖਾਂਦੀ ਹੈ। ਇਸ ਨਾਲ ਸਾਡਾ ਗਿਆਨ ਵਧਦਾ ਹੈ ਅਤੇ ਅਸੀਂ ਚੰਗੇ ਅਤੇ ਮਾੜੇ ਵਿੱਚ ਫਰਕ ਕਰਨਾ ਸਿੱਖਦੇ ਹਾਂ। ਸਿੱਖਿਆ ਤੋਂ ਬਿਨਾਂ ਮਨੁੱਖ ਦਾ ਜੀਵਨ ਅਧੂਰਾ ਰਹਿੰਦਾ ਹੈ।

ਸਿੱਖਿਆ ਨਾਲ ਸਾਡਾ ਆਤਮ-ਵਿਸ਼ਵਾਸ ਵਧਦਾ ਹੈ। ਪੜ੍ਹਿਆ-ਲਿਖਿਆ ਵਿਅਕਤੀ ਹਰ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਸਿੱਖਿਆ ਸਾਨੂੰ ਅੰਧਵਿਸ਼ਵਾਸਾਂ ਤੋਂ ਦੂਰ ਰੱਖਦੀ ਹੈ ਅਤੇ ਸਹੀ ਰਾਹ 'ਤੇ ਚਲਣਾ ਸਿਖਾਂਦੀ ਹੈ।

ਸਿੱਖਿਆ ਸਾਨੂੰ ਅਨੁਸ਼ਾਸਨ ਅਤੇ ਸਮੇਂ ਦੀ ਕਦਰ ਕਰਨੀ ਸਿਖਾਂਦੀ ਹੈ। ਸਕੂਲ ਵਿੱਚ ਅਸੀਂ ਅਧਿਆਪਕਾਂ ਦਾ ਆਦਰ ਕਰਨਾ, ਦੋਸਤਾਂ ਨਾਲ ਮਿਲਜੁਲ ਕੇ ਰਹਿਣਾ ਅਤੇ ਨਿਯਮਾਂ ਦੀ ਪਾਲਣਾ ਕਰਨੀ ਸਿੱਖਦੇ ਹਾਂ। ਇਹ ਸਾਰੇ ਗੁਣ ਸਾਡੇ ਜੀਵਨ ਨੂੰ ਸੁੰਦਰ ਬਣਾਉਂਦੇ ਹਨ।

ਅੱਜ ਦੇ ਯੁੱਗ ਵਿੱਚ ਸਿੱਖਿਆ ਬਹੁਤ ਜ਼ਰੂਰੀ ਹੈ। ਚੰਗੀ ਸਿੱਖਿਆ ਨਾਲ ਅਸੀਂ ਚੰਗਾ ਰੋਜ਼ਗਾਰ ਪ੍ਰਾਪਤ ਕਰ ਸਕਦੇ ਹਾਂ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰ ਸਕਦੇ ਹਾਂ। ਸਿੱਖਿਆ ਨਾਲ ਅਸੀਂ ਦੇਸ਼ ਦੀ ਤਰੱਕੀ ਵਿੱਚ ਵੀ ਯੋਗਦਾਨ ਪਾ ਸਕਦੇ ਹਾਂ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਸਿੱਖਿਆ ਸਾਡੇ ਜੀਵਨ ਦੀ ਰੌਸ਼ਨੀ ਹੈ। ਹਰ ਬੱਚੇ ਨੂੰ ਮਨ ਲਗਾ ਕੇ ਪੜ੍ਹਨਾ ਚਾਹੀਦਾ ਹੈ ਅਤੇ ਸਿੱਖਿਆ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ, ਤਾਂ ਜੋ ਅਸੀਂ ਚੰਗੇ ਨਾਗਰਿਕ ਬਣ ਸਕੀਏ।

**ਲਕਸ਼ਮੀ ਕਲਾਸ ਅੱਠਵੀਂ**
**ਸ.ਸ.ਸ.ਸਕੂਲ**
**ਪਰਮਜੀਤਪੁਰ (ਕਪੂਰਥਲਾ)**

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪੰਜਾਬ ਦੇ ਲੋਕ ਬਦਲਾਅ ਚਾਹੁੰਦੇ ਹਨ: ਕਮਲਜੀਤ ਸਿੰਘ ਚੱਕ



**ਬਰਨਾਲਾ (ਗੁਰਭਿੰਦਰ ਗੁਰੀ)** 'ਮਨਰੇਗਾ–ਕਿਸਾਨ ਬਚਾਓ' ਰੈਲੀ ਨੇ ਬਰਨਾਲਾ ਦੀ ਧਰਤੀ 'ਤੇ ਇਤਿਹਾਸਕ ਦ੍ਰਿਸ਼ ਪੈਦਾ ਕਰ ਦਿੱਤਾ। ਦੂਰ–ਦੂਰ ਤੋਂ ਪਹੁੰਚੇ ਵਰਕਰਾਂ ਅਤੇ ਸਮਰਥਕਾਂ ਨੇ ਨਾਰੇਬਾਜ਼ੀ ਕਰਦਿਆਂ ਕਾਂਗਰਸ ਪਾਰਟੀ ਦੇ ਹੱਕ ਵਿੱਚ ਆਪਣਾ ਜੋਸ਼ ਵਿਖਾਇਆ। ਰੈਲੀ ਦੌਰਾਨ ਮੈਦਾਨ ਖਚਾਖਚ ਭਰਿਆ ਨਜ਼ਰ ਆਇਆ ਅਤੇ ਆਮ ਲੋਕਾਂ ਦੀ ਵੱਡੀ ਭਾਗੀਦਾਰੀ ਨੇ ਇਸਨੂੰ ਵਿਸ਼ਾਲ ਸਿਆਸੀ ਇਕੱਠ ਵਿੱਚ ਤਬਦੀਲ ਕਰ ਦਿੱਤਾ। ਸੀਨੀਅਰ ਕਾਂਗਰਸੀ ਆਗੂ ਕਮਲਜੀਤ ਸਿੰਘ ਚੱਕ (ਹਲਕਾ ਮਹਿਲ ਕਲਾਂ) ਨੇ ਕਿਹਾ ਕਿ ਰੈਲੀ ਵਿੱਚ ਉਮੜਿਆ ਵੱਡਾ ਇਕੱਠ ਸਾਬਤ ਕਰਦਾ ਹੈ ਕਿ ਪੰਜਾਬ ਦੇ ਲੋਕ ਬਦਲਾਅ ਚਾਹੁੰਦੇ ਹਨ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਪਿੰਡ–ਪਿੰਡ ਜਾ ਕੇ ਲੋਕਾਂ ਨੂੰ ਕਾਂਗਰਸ ਦੀਆਂ ਨੀਤੀਆਂ ਅਤੇ ਕਾਰਜਕ੍ਰਮਾਂ ਬਾਰੇ ਜਾਣੂ ਕਰਵਾਇਆ ਜਾਵੇ, ਤਾਂ ਜੋ ਆਉਣ ਵਾਲੀਆਂ ਚੋਣਾਂ ਵਿੱਚ ਮਜ਼ਬੂਤ ਮਾਹੌਲ ਤਿਆਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰਾਂ ਅਤੇ ਕਿਸਾਨਾਂ ਦੇ ਮੁੱਦੇ ਅੱਜ ਵੀ ਗੰਭੀਰ ਹਨ ਅਤੇ ਕਾਂਗਰਸ ਪਾਰਟੀ ਹਮੇਸ਼ਾਂ ਉਨ੍ਹਾਂ ਦੇ ਹੱਕਾਂ ਲਈ ਆਵਾਜ਼ ਉਠਾਉਂਦੀ ਰਹੀ ਹੈ। ਰੈਲੀ ਦੌਰਾਨ ਵਰਕਰਾਂ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਨੌਜਵਾਨ ਵਰਗ ਦੀ ਭਾਰੀ ਹਾਜ਼ਰੀ ਨੇ ਵੀ ਧਿਆਨ ਖਿੱਚਿਆ।

ਰਾਜਨੀਤਿਕ ਵਿਸ਼ਲੇਸ਼ਕਾਂ ਅਨੁਸਾਰ, ਇਹ ਰੈਲੀ ਸਿਰਫ਼ ਇਕ ਆਮ ਪ੍ਰੋਗਰਾਮ ਨਹੀਂ ਸੀ, ਸਗੋਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦਾ ਸਿਆਸੀ ਸ਼ੰਖਨਾਦ ਸੀ। ਬਰਨਾਲਾ ਤੋਂ ਉਠੀ ਇਹ ਗੂੰਜ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸਿਆਸਤ ਦਾ ਰੁਖ਼ ਤੈਅ ਕਰ ਸਕਦੀ ਹੈ ਅਤੇ ਚੋਣੀ ਮੈਦਾਨ ਵਿੱਚ ਨਵੀਂ ਤਪਸ਼ ਪੈਦਾ ਕਰ ਸਕਦੀ ਹੈ।

# ਨੈਸ਼ਨਲ ਕਾਲਜ ਭੀਖੀ ਦੀ ਸਲਾਨਾ ਐਥਲੈਟਿਕ ਮੀਟ ਦੀ ਹੋਈ ਸ਼ੁਰੂਆਤ

**ਭੀਖੀ, (ਕਮਲ ਜਿੰਦਲ)** ਸਥਾਨਕ ਸੰਸਥਾ ਨੈਸ਼ਨਲ ਕਾਲਜ ਭੀਖੀ ਦੀ ਸਲਾਨਾ ਐਥਲੈਟਿਕ ਮੀਟ ਕਰਵਾਈ ਜਾ ਰਹੀ ਹੈ । ਜਿਸਦੀ ਸ਼ੁਰੂਆਤ ਕਾਲਜ ਦੇ ਸਰਪ੍ਰਸਤ ਬਾਬਾ ਪੂਰਨ ਨਾਥ ਜੀ ਹੀਰੋਂ ਕਲਾਂ ਵਾਲੇ , ਕਾਲਜ ਦੇ ਪ੍ਰਧਾਨ ਹਰਬੰਸ ਦਾਸ ਬਾਵਾ ਜੀ, ਕਾਲਜ ਪ੍ਰਿੰਸੀਪਲ ਡਾ ਐੱਮ ਕੇ ਮਿਸ਼ਰਾ ਜੀ, ਪ੍ਰੋ ਗੁਰਤੇਜ ਸਿੰਘ ਤੇਜੀ ਦੁਆਰਾ ਕਾਲਜ ਦਾ ਝੰਡਾ ਲਹਿਰਾ ਕੇ ਅਤੇ ਸਰਸਵਤੀ ਮਾਤਾ ਦੀ ਪੂਜਾ ਕਰਕੇ ਕੀਤੀ ਗਈ । ਵਿਦਿਆਰਥੀਆਂ ਦੇ ਦੁਆਰਾ ਮਾਰਚ ਪਾਸਟ ਕਰਕੇ ਆਏ ਗਏ ਮਹਿਮਾਨਾਂ ਨੂੰ ਸਲਾਮੀ ਦਿੱਤੀ ਗਈ। ਇਸ ਦੌਰਾਨ ਵਿਦਿਆਰਥੀਆਂ ਦੇ 200 ਮੀਟਰ ਲੜਕਿਆਂ ਦੀ ਦੌੜ, 400 ਮੀਟਰ ਲੜਕੀਆਂ ਦੀ ਦੌੜ, ਉੱਚੀ ਛਾਲ ( ਲੜਕੇ ਅਤੇ ਲੜਕੀਆਂ), ਥ੍ਰੀ ਲੈਗ ਰੇਸ ( ਲੜਕੇ ਅਤੇ ਲੜਕੀਆਂ), ਲੰਬੀ ਛਾਲ ਲੜਕੀਆਂ,800 ਮੀਟਰ ਦੌੜ ਲੜਕਿਆਂ ਦੀ, ਸ਼ਾਰਟ- ਪੁੱਟ





( ਲੜਕੇ ਅਤੇ ਲੜਕੀਆਂ) , ਬੋਰੀ ਰੇਸ ( ਲੜਕੀਆਂ ),ਸਪੂਨ ਰੇਸ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ।

# ਯੂਨੀਵਰਸਿਟੀ ਕਾਲਜ ਬਰਨਾਲਾ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ

ਸਥਾਨਕ ਯੂਨੀਵਰਸਿਟੀ ਕਾਲਜ ਬਰਨਾਲਾ ਵਿੱਚ ਅੱਜ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ। ਕਾਲਜ ਦੇ ਪ੍ਰਿੰਸੀਪਲ /ਇੰਚਾਰਜ ਡਾ. ਵਿਭਾ ਅਗਰਵਾਲ ਨੇ ਦੱਸਿਆ ਕਿ ਕਾਲਜ ਵਿੱਚ ਸਥਾਪਿਤ ਐੱਨ.ਐੱਸ.ਐੱਸ. ਯੂਨਿਟ ਅਤੇ ਰੈੱਡ ਰੀਬਨ ਕਲੱਬ ਵੱਲੋਂ ਮਾਈ ਭਾਰਤ ਕੇਂਦਰ ਬਰਨ-ਾਲਾ ਦੇ ਸਹਿਯੋਗ ਨਾਲ਼ ਕਾਲਜ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ। ਮੁੱਖ ਵਕਤਾ ਵਜੋਂ ਡਾ. ਸੰਦੀਪ ਗੁਪਤਾ ਐਸੋਸੀਏਟ ਪ੍ਰੋਫੈਸਰ ਅਤੇ ਸ੍ਰੀ ਮੁਕੇਸ਼ ਕੁਮਾਰ ਇੰਜੀਨੀਅਰ ਨੇਬਰ ਹੁੱਡ ਕੈਂਪਸ ਰਾਮਪੁਰਾ ਫੂਲ ਪਹੁੰਚੇ। ਉਹਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਭੌਤਿਕ ਵਿਗਿਆਨੀ ਸੀ. ਵੀ. ਰਾਮਨ ਤੋਂ ਪ੍ਰੇਰਨਾ ਲੈ ਕੇ ਵਿਗਿਆਨ ਅਤੇ ਤਕਨੀਕ ਨਾਲ਼ ਜੁੜ ਕੇ ਸਮਾਜਿਕ ਵਿਕਾਸ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਸਮੇਂ ਸਾਇੰਸ ਨਾਲ਼ ਸੰਬੰਧਿਤ ਵਿਦਿਆਰਥੀਆਂ ਦੇ ਪ੍ਰੈਜੈਂਟੇਸ਼ਨ ਦੇ ਮੁਕਾਬਲੇ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਪ੍ਰੈਜੈਂਟੇਸ਼ਨ ਮੁਕਾਬਲੇ ਵਿੱਚ ਕ੍ਰਮਵਾਰ ਮਹਿਕਪ੍ਰੀਤ ਕੌਰ ਨੇ ਪਹਿਲਾ, ਮੁਹੰਮਦ ਜਿਹਾਦ ਨੇ ਦੂਸਰਾ ਅਤੇ ਨਮਨਦੀਪ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਪੋਸਟਰ ਮੇਕਿੰਗ ਦੇ ਮੁਕਾਬਲੇਆ ਵਿੱਚ ਤਮਨਪ੍ਰੀਤ ਕੌਰ ਅਤੇ ਮਹਿਕਪ੍ਰੀਤ ਕੌਰ ਨੇ ਪਹਿਲਾ ,ਰਮਨਪ੍ਰੀਤ ਕੌਰ ਅਤੇ ਪੂਜਾ ਨੇ ਦੂਸਰਾ ,ਮਨਦੀਪ





ਕੌਰ ਅਤੇ ਮਨਵੀਰ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਦੀ ਭੂਮਿਕਾ ਪ੍ਰੋਗਰਾਮ ਅਫ਼ਸਰ ਡਾ. ਰਾਮਪਾਲ ਸਿੰਘ ਨੇ ਨਿਭਾਈ। ਇਸ ਮੌਕੇ ਪ੍ਰੋ. ਹਰਕੰਵਲਜੀਤ ਸਿੰਘ, ਡਾ. ਸੁਖਰਾਜ ਸਿੰਘ, ਪ੍ਰੋ. ਲਵਪ੍ਰੀਤ ਸਿੰਘ ਪ੍ਰੋ. ਵਿਪਨ ਗੋਇਲ ,ਪ੍ਰੋ. ਪੀਆ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਚਾਹਤ ਰਾਣੀ,ਪ੍ਰੋ. ਸਿੰਪੀ , ਪ੍ਰੋ. ਪੂਨਮ ਰਾਣੀ ,ਪ੍ਰੋ. ਟੀਨਾ ,ਪ੍ਰੋ. ਸ਼ਿਵਾਨੀ, ਡਾ. ਰਿਪੂਜੀਤ ਕੌਰ, ਸ. ਜਸਵਿੰਦਰ ਸਿੰਘ ਸੀਨੀਅਰ ਸਹਾਇਕ, ਮੈਡਮ ਹਰਜਿੰਦਰ ਕੌਰ ਅਤੇ ਸਮੂਹ ਦਰਜਾ ਚਾਰ ਕਰਮਚਾਰੀ ਹਾਜਰ ਸਨ।

# ਮੈਰੀਟੋਰੀਅਸ ਅਤੇ ਸਕੂਲ ਆਫ ਐਮੀਨੈਂਸ਼ ਵਿੱਚ 9ਵੀਂ ਤੇ 11ਵੀਂ ਦੇ ਦਾਖਲੇ ਲਈ ਦਾਖਲਾ ਪ੍ਰੀਖਿਆ ਅੱਜ - ਅਨੀਤਾ ਸਰਮਾ ਡੀ.ਈ.ਓ

## 9ਵੀਂ ਤੇ 11ਵੀਂ ਲਈ 3225 ਵਿਦਿਆਰਥੀ ਅਪੀਅਰ ਹੋਣਗੇ–ਲਖਵੀਰ ਸਿੰਘ ਡਿਪਟੀ ਡੀ.ਈ.ਓ

**ਨਵਾਂਸਹਿਰ (ਜਤਿੰਦਰ ਪਾਲ ਸਿੰਘ ਕਲੇਰ )** ਮੈਰੀਟੋਰੀਅਸ ਅਤੇ ਸਕੂਲ ਆਫ ਐਮੀਨੈਂਸ਼ ਵਿੱਚ ਨੌਵੀਂ ਅਤੇ 11ਵੀਂ ਦੇ ਦਾਖਲੇ ਲਈ ਹੋ ਰਹੀ ਦਾਖਲਾ ਪ੍ਰੀਖਿਆ 2026 ਦੀਆਂ ਜਿਲਾ ਸਹੀਦ ਭਗਤ ਸਿੰਘ ਨਗਰ ਵਿੱਚ ਤਿਆਰੀਆਂ ਮਕੁੰਮਲ ਕਰ ਲਈਆ ਗਈਆਂ ਹਨ।ਇਹ ਪ੍ਰੀਖਿਆ 01 ਮਾਰਚ ਦਿਨ ਐਤਵਾਰ ਨੂੰ ਹੋਵੇਗੀ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਅਨੀਤਾ ਸਰਮਾ ਅਤੇ ਉਪ ਜਿਲਾ ਸਿੱਖਿਆ ਅਫਸਰ(ਸੈ.ਸਿ) ਲਖਵੀਰ ਸਿੰਘ ਨੇ ਦੱਸਿਆ ਕਿ ਮੈਰੀਟੋਰੀਅਸ ਅਤੇ ਸਕੂਲ ਆਫ ਐਮੀਨੈਂਸ਼ ਸਕੂਲਾਂ ਵਿੱਚ 9ਵੀਂ ਅਤੇ 11ਵੀਂ ਦੇ ਦਾਖਲੇ ਲਈ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਕੁੱਲ 3225 ਵਿਦਿਆਰਥੀ ਦਾਖਲਾ ਪ੍ਰੀਖਿਆ ਦੇ ਰਹੇ ਹਨ । ਜਿਸ ਲਈ ਜਿਲ੍ਹੇ ਵਿੱਚ



ਤਹਿਸੀਲ ਪੱਧਰ ਤੇ ਪ੍ਰੀਖਿਆ ਕੇਂਦਰ ਬਣਾਏ ਗਏ ਹਨ।ਤਹਿਸੀਲ਼ ਬਲਾਚੌਰ ਲਈ ਪ੍ਰੀਖਿਆ ਕੇਂਦਰ ਸ.ਸ.ਸ.ਸ(ਕ) ਬਲਾਚੌਰ,ਲੈਫ.ਜਨ.ਬਿਕਰਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿੰਦੀਪੁਰ,ਬੀ.ਏ.ਵੀ ਸਸਸ ਬਲਾਚੌਰ,ਤਹਿਸੀਲ ਬੰਗਾ ਲਈ ਬਾਬਾ ਗੋਲਾ ਸ.ਸ.ਸ.ਸ(ਕ) ਬੰਗਾ ,ਸਵਾਮੀ ਰੂਪ ਚੰਦ ਜੈਨ ਮਾਡਲ ਸੀਨੀਅਰ ਸੈਕੰਡਰੀ ਸਕੂਲ ਬੰਗਾ,ਸਕੂਲ ਆਫ ਐਮੀਨੈਂਸ ਬੰਗਾ ਤੇ ਤਹਿਸੀਲ ਨਵਾਂਸਹਿਰ ਲਈ ਜੇ.ਐਸ.ਐਫ ਐਚ ਖਲਾਸਾ ਸੀਨੀਅਰ ਸੈਕੰਡਰੀ ਸਕੂਲ ਨਵਾਂਸਹਿਰ,ਸ.ਸ.ਸ.ਸ(ਸਕੂਲ ਆਫ ਐਮੀਨੈਂਸ਼ ਸ਼ਹੀਦ ਭਗਤ ਸਿੰਘ ਨਗਰ ਵਿਖੇ ਪ੍ਰੀਖਿਆ ਕੇਂਦਰ ਸਥਾਪਿਤ ਕੀਤੇ ਗਏ ਹਨ । ।ਇਹਨਾਂ ਪ੍ਰੀਖਿਆਵਾਂ ਦੇ ਸੂਚਾਰੂ ਸੰਚਾਲਨ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸਟਾਫ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਪ੍ਰੀਖਿਆਂ ਕੇਂਦਰਾਂ ਦੇ ਨੇੜੇ ਲੋੜੀਦੇ ਸੁਰੱਖਿਆ ਪ੍ਰਬੰਧ ਵੀ ਕਰ ਦਿੱਤੇ ਗਏ ਹਨ। ਇਸ ਮੌਕੇ ਉਹਨਾਂ ਨਾਲ ਪ੍ਰਿੰਸੀਪਲ ਰਜਨੀਸ ਕੁਮਾਰ ਪ੍ਰੀਖਿਆ ਨੋਡਲ ਅਫਸਰ, ਸੁਮਰਡੈਂਟ ਜਸਵਿੰਦਰ ਸਿੰਘ, ਵੀ ਹਾਜਰ ਸਨ।

# ਐਕਿਊਪੰਕਚਰ ਦਿਵਸ ਦੇ ਸੰਬੰਧ ਵਿੱਚ ਦੋ ਰੋਜ਼ਾ ਮੁਫ਼ਤ ਐਕਿਊਪੰਕਚਰ ਅਤੇ ਡੈਂਟਲ ਕੈਂਪ ਆਰੰਭ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਐਕਿਊਪੰਕਚਰ ਮੈਡੀਕਲ ਕਾਲਜ ਐਂਡ ਹਸਪਤਾਲ, ਸਲੇਮ ਟਾਬਰੀ ਵੱਲੋਂ ਰਾਸ਼ਟਰੀ ਐਕਿਊਪੰਕਚਰ ਦਿਵਸ ਦੇ ਸੰਬੰਧ ਵਿੱਚ ਅੰਤਰਰਾਸ਼ਟਰੀ ਮਹਾਨ ਭਾਰਤੀ ਚਿਕਿਤਸਕ ਅਤੇ ਭਾਰਤ ਵਿੱਚ ਐਕਿਊਪੰਕਚਰ ਦੇ ਸੰਸਥਾਪਕ ਡਾ: ਵਿਜੈ ਕੁਮਾਰ ਬਾਸੂ ਨੂੰ ਸਮਰਪਿਤ ਦੋ ਰੋਜ਼ਾ ਮੁਫ਼ਤ ਐਕਿਊਪੰਕਚਰ ਅਤੇ ਡੈਂਟਲ ਕੈਂਪ ਦਾ ਸ਼ੁਭ ਆਰੰਭ ਕੀਤਾ ਗਿਆ। ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਸ਼੍ਰੀ ਅਮਨ ਬੱਗਾ ਖੁਰਾਣਾ ਕੌਂਸਲਰ, ਵਾਰਡ ਨੰਬਰ 94 ਅਤੇ ਆਸਟ੍ਰੇਲੀਆ ਤੋਂ ਪਧਾਰੇ ਐਕਿਊਪੰਕਚਰ ਮਾਹਿਰ ਡਾ: ਤਿਲਕ ਰਾਜ ਕਾਲਰਾ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ। ਮੁੱਖ ਮਹਿਮਾਨਾਂ ਨੇ ਆਪਣੇ ਸੰਬੋਧਨ ਵਿੱਚ ਐਕਿਊਪੰਕਚਰ ਪੱਧਤੀ ਨੂੰ ਸੁਰੱਖਿਅਤ, ਪ੍ਰਭਾਵਸ਼ਾਲੀ ਅਤੇ ਬਿਨਾਂ ਦਵਾਈ-ਸਰਜਰੀ ਵਾਲੀ ਇਲਾਜ ਪ੍ਰਣਾਲੀ ਦੱਸਿਆ। ਇਸ ਮੌਕੇ ਡਾ: ਤਿਲਕ ਰਾਜ ਕਾਲਰਾ ਨੇ ਦੱਸਿਆ ਕਿ ਆਸਟ੍ਰੇਲੀਆ ਵਿੱਚ ਐਕਿਊਪੰਕਚਰ ਨੂੰ ਪੂਰੀ ਤਰ੍ਹਾਂ ਮਾਨਤਾ ਪ੍ਰਾਪਤ ਹੈ ਅਤੇ ਉੱਥੇ ਇਹ ਬਹੁਤ ਹੀ ਲੋਕਪ੍ਰਿਯ ਅਤੇ ਪ੍ਰਸਿੱਧ ਚਿਕਿਤਸਾ ਪੱਧਤੀ ਹੈ ਕਿਉਂਕਿ ਇਸ ਵਿੱਚ ਦਵਾਈਆਂ ਦੀ ਬਜਾਏ ਸਰੀਰ ਦੇ ਆਪਣੇ ਰੋਗ-ਰੋਕੂ ਤੰਤਰ ਨੂੰ ਸਰਗਰਮ ਕੀਤਾ ਜਾਂਦਾ ਹੈ। ਕੈਂਪ ਦੇ ਪਹਿਲੇ ਦਿਨ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਕੁੱਲ 75 ਮਰੀਜ਼ਾਂ ਦਾ ਸਫਲਤਾਪੂਰਵਕ ਇਲਾਜ ਕੀਤਾ ਗਿਆ, ਜਿਸ ਵਿੱਚ ਡਾ: ਇੰਦਰਜੀਤ ਸਿੰਘ (ਡਾਇਰੈਕਟਰ ਡਾ: ਕੋਟਨਿਸ ਹਸਪਤਾਲ), ਡੈਂਟਲ ਮਾਹਿਰ, ਡਾ: ਸੁਨੀਲ ਸ਼ਰਮਾ ਅਤੇ ਸੀਨੀਅਰ ਡਾਕਟਰ ਡਾ: ਰਘੁਵੀਰ ਸਿੰਘ ਅਤੇ ਡਾ: ਬਲਜਿੰਦਰ ਸਿੰਘ ਨੇ ਆਪਣੀਆਂ ਮਾਹਿਰ ਸੇਵਾਵਾਂ ਪ੍ਰਦਾਨ ਕੀਤੀਆਂ। ਕੈਂਪ ਵਿੱਚ ਸ਼ੂਗਰ ਨਾਲ ਸੰਬੰਧਿਤ









ਸਮੱਸਿਆਵਾਂ, ਨਸਾਂ ਵਿੱਚ ਖਿਚਾਅ, ਨਿਊਰੋਪੈਥੀ, ਕਮਰ ਦਰਦ, ਸਰਵਾਈਕਲ, ਸਪਾਂਡਿਲਾਈਟਿਸ, ਡਿਸਕ ਪ੍ਰੋਲੈਪਸ, ਜੋੜਾਂ ਅਤੇ ਘੁੱਟਿਆਂ ਦਾ ਦਰਦ, ਮਾਈਗ੍ਰੇਨ, ਅਨੀਂਦਰਾ, ਮਾਨਸਿਕ ਤਣਾਅ, ਲਕਵਾ, ਅਧਰੰਗ, ਪੁਰਾਣਾ ਜ਼ੁਕਾਮ, ਖੇਡਾਂ ਨਾਲ ਜੁੜੀਆਂ ਚੋਟਾਂ ਅਤੇ ਨਸ਼ਾ ਮੁਕਤੀ ਵਰਗੀਆਂ ਵੱਖ-ਵੱਖ ਬਿਮਾਰੀਆਂ ਦਾ ਬਿਨਾਂ ਦਵਾਈ ਅਤੇ ਬਿਨਾਂ ਸਰਜਰੀ ਇਲਾਜ ਕੀਤਾ ਗਿਆ। ਨਾਲ ਹੀ ਦੰਦਾਂ ਵਿੱਚ ਦਰਦ, ਕੀੜਾ ਲੱਗਣਾ, ਮਸੂੜਿਆਂ ਦੀ ਸੋਜ, ਮੂੰਹ ਤੋਂ ਬਦਬੂ ਅਤੇ ਡੈਂਟਲ ਸਕੇਲਿੰਗ ਅਤੇ ਜਾਂਚ ਦੀ ਸਹੂਲਤ ਵੀ ਮੁਫ਼ਤ ਉਪਲਬਧ ਕਰਵਾਈ ਗਈ। ਕੈਂਪ ਵਿੱਚ ਅਸ਼ਵਨੀ ਵਰਮਾ, ਅਨੁ ਚਾਵਲਾ, ਗਗਨ ਭਾਟੀਆ, ਮਨੀਸ਼ਾ, ਤਰਸੇਮ ਲਾਲ, ਰਾਜਨ, ਰਿਤੂ, ਸੋਨੀਆ, ਪ੍ਰਵੇਸ਼ ਆਦਿ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਡਾ: ਇੰਦਰਜੀਤ ਸਿੰਘ ਨੇ ਦੱਸਿਆ ਕਿ ਕੈਂਪ ਦਾ ਦੂਜਾ ਦਿਨ ਵੀ ਨਿਰਧਾਰਿਤ ਸਮੇਂ ਅਨੁਸਾਰ ਆਯੋਜਿਤ ਕੀਤਾ ਜਾਵੇਗਾ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਲੋਕ-ਹਿਤੈਸ਼ੀ ਮੁਹਿੰਮ ਦਾ ਲਾਭ ਲੈ ਸਕਣ।

# ਸੰਸਾਰ ਦੀ ਸਮੁੱਚੀ ਨਿਆਂ ਪਸੰਦ ਜਨਤਾ ਅਤੇ ਅਮਨ ਦੀਆਂ ਹਾਮੀ ਸਰਕਾਰਾਂ ਅਮਰੀਕਾ ਵਲੋਂ ਇਰਾਨ ਉਤੇ ਅਰੰਭੇ ਇਕ ਪਾਸੜ ਹਮਲੇ ਦਾ ਜ਼ੋਰਦਾਰ ਵਿਰੋਧ ਕਰਨ - ਲਿਬਰੇਸ਼ਨ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਸੀਪੀਆਈ (ਐਮ ਐਲ) ਲਿਬਰੇਸ਼ਨ ਨੇ ਇਜ਼ਰਾਈਲ ਅਮਰੀਕੀ ਹਮਲਾਵਰ ਗਿਰੋਹ ਵਲੋਂ ਇਰਾਨ ਉਤੇ ਸ਼ੁਰੂ ਕੀਤੇ ਇਕਪਾਸੜ ਹਮਲੇ ਦੀ ਸਖ਼ਤ ਨਿੰਦਾ ਕਰਦੇ ਹੋਏ ਭਾਰਤ ਸਰਕਾਰ ਤੋਂ ਇਸ ਹਮਲੇ ਦਾ ਵਿਰੋਧ ਕਰਨ ਦੀ ਮੰਗ ਕੀਤੀ ਹੈ। ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ, ਕਾਮਰੇਡ ਰਾਜਵਿੰਦਰ ਸਿੰਘ ਰਾਣਾ , ਰੁਲਦੂ ਸਿੰਘ ਮਾਨਸਾ ਅਤੇ ਸੁਖਦਰਸ਼ਨ ਸਿੰਘ ਨੱਤ ਵਲੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਕ ਪਾਸੇ ਇਹ ਹਮਲਾਵਰ ਟੋਲਾ ਓਮਾਨ ਦੀ ਵਿਚੋਲਗੀ ਨਾਲ ਇਰਾਨ ਨਾਲ ਕਿਸੇ ਸਮਝੌਤੇ ਲਈ ਗੱਲ ਚਲਾ ਰਹੇ ਸਨ, ਪਰ ਦੂਜੇ ਪਾਸੇ ਚੱਲ ਰਹੀ ਗੱਲਬਾਤ ਦੇ ਦੌਰਾਨ ਹੀ ਉਨ੍ਹਾਂ ਨੇ ਧੋਖੇ ਨਾਲ ਇਰਾਨ ਉਤੇ ਵੱਡਾ ਮਿਜ਼ਾਇਲ ਹਮਲਾ ਕਰ ਦਿੱਤਾ ਹੈ। ਕਿਉਂਕਿ ਇਹ ਹਮਲਾ ਪ੍ਰਧਾਨ ਮੰਤਰੀ ਮੋਦੀ ਦੇ ਇਜ਼ਰਾਈਲ ਦੌਰੇ ਤੋਂ ਤੁਰੰਤ ਬਾਅਦ ਸ਼ੁਰੂ ਹੋਇਆ ਹੈ, ਇਸ ਲਈ ਸੰਸਾਰ ਦੀਆਂ ਜੰਗ ਵਿਰੋਧੀ ਸ਼ਕਤੀਆਂ ਇਸ ਜੰਗ ਲਈ ਮੋਦੀ ਜੀ ਦੀ ਮੋਨ ਸਹਿਮਤੀ ਨੂੰ ਵੀ ਜ਼ਿੰਮੇਵਾਰ ਮੰਨ ਰਹੀਆਂ ਹਨ, ਜੋ ਭਾਰਤ ਦੀ ਗੁੱਟ ਨਿਰਲੇਪ ਪਛਾਣ ਨੂੰ ਮਿੱਟੀ ਵਿੱਚ ਮਿਲਾ ਦੇਣ ਦੇ ਤੁੱਲ ਹੈ। ਲਿਬਰੇਸ਼ਨ ਆਗੂਆਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਹਾਲੇ ਤੱਕ ਇਰਾਨ ਦਾ ਕੋਈ ਕਸੂਰ ਸਾਹਮਣੇ ਨਹੀਂ ਆਇਆ, ਬਲਕਿ ਇਸ ਦੇ ਲਈ ਦੁਨੀਆਂ ਭਰ ਦੇ ਤੇਲ ਅਤੇ ਹੋਰ ਕੁਦਰਤੀ ਸਰੋਤਾਂ ਉਤੇ ਕਬਜ਼ਾ ਕਰਨ ਦੀ ਟਰੰਪ ਸਰਕਾਰ ਸਾਮਰਾਜੀ ਹਾਬੜ੍ਹ ਜ਼ਿੰਮੇਵਾਰ ਹੈ। ਇਰਾਕ, ਲਿਬੀਆ, ਸੀਰੀਆ ਤੇ ਵੇਨੇਜ਼ੁਏਲਾ ਤੋਂ ਬਾਅਦ ਹੁਣ ਉਸ ਨੇ ਇਰਾਨ ਨੂੰ ਅਪਣੇ ਹਮਲੇ ਦਾ ਨਿਸ਼ਾਨਾ ਬਣਾਇਆ ਹੈ। ਅਮਰੀਕਾ ਦਾ ਵਿਦੇਸ਼ ਸਕੱਤਰ ਤਾਂ ਪੂਰੀ ਬੇਸ਼ਰਮੀ ਨਾਲ ਦੁਨੀਆਂ ਦੇ ਦੇਸ਼ਾਂ ਦੇ ਆਜ਼ਾਦੀ-ਪਸੰਦ ਅੰਦੋਲਨਾਂ ਵਲੋਂ ਹਰਾ ਕੇ ਸਮਾਪਤ ਕਰ ਦਿੱਤੇ ਗਏ ਸਿੱਧੀ ਗੁਲਾਮੀ ਦੇ ਨਮੂਨੇ - ਬਸਤੀਵਾਦੀ ਪ੍ਰਬੰਧ ਨੂੰ ਮੁੜ ਸਥਾਪਿਤ ਕਰਨ ਦੀ ਬਿਆਨ ਦੇ ਰਿਹਾ ਹੈ। ਇਸ ਲਈ ਸੰਸਾਰ ਦੀਆਂ ਤਮਾਮ ਅਮਨ ਪਸੰਦ ਸਰਕਾਰਾਂ ਅਤੇ ਲੋਕ ਸੰਗਠਨਾਂ ਨੂੰ ਇਸ ਜੰਗ ਨੂੰ ਰੁਕਵਾਉਣ ਲਈ ਹਮਲਾਵਰ ਇਜ਼ਰਾਈਲ ਅਮਰੀਕਾ ਗਿਰੋਹ ਦਾ ਹਰ ਸੰਭਵ ਢੰਗ ਨਾਲ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ।

# ਵਿਆਹਾ ਵਿੱਚ ਸ਼ਰਾਬ ਪਿਲਾਉਣਾ ਹੋਇਆ ਮਹਿੰਗਾ

## ਮੈਰਿਜ ਪੈਲੇਸਾ  ਬੈਕਵੇਟ ਹਾਲ ਦੀ ਲਾਈਸੇਸ ਫੀਸ 10 ਫੀਸਦੀ ਤੱਕ ਵਧੀ

**ਨਵਾਸ਼ਹਿਰ (ਮਨੋਰੰਜਨ ਕਾਲੀਆ )–** ਇਸ ਵਾਰ ਈ ਟੈਡਰਿੰਗ ਕਰਾਉਣ ਦੀ ਬਜਾਏ ਸਰਕਾਰ ਨੇ ਪੁਰਾਣੇ ਠੇਕੇਦਾਰਾ ਨੂੰ ਸਾਡੇ 6 ਫੀਸਦੀ ਜਿਆਦਾ ਰੇਟ ਤੇ ਹੀ ਸ਼ਰਾਬ ਠੇਕੇ ਰਿਨਿਊ ਕਰਾਉਣ ਦੀ ਛੋਟ ਦਿੱਤੀ ਹੈ । ਹੁਣ ਖੁਸ਼ੀ ਤੇ ਵਿਆਹ ਦੇ ਮੌਕਿਆ ਤੇ ਮੈਰਿਜ ਪੈਲੇਸਾ ਤੇ ਬੈਕਲੇਟ ਹਾਲ ਵਿੱਚ ਸ਼ਰਾਬ ਪਿਲਾਉਣਾ ਮਹਿੰਗਾ ਹੋ ਸਕਦਾ ਹੈ । 2026/27 ਦੀ ਐਕਸਾਈਜ ਪਾਲਸੀ ਦੇ ਤਹਿਤ  ਹੁਣ ਸ਼ਰਾਬ ਪਿਲਾਉਣ ਦੇ ਲਈ ਜਾਰੀ ਹੋਣ ਵਾਲੇ ਸਲਾਨਾ ਲਾਈਸੇਸ ਫੀਸ ਵਿੱਚ ਦਸ ਫੀਸਦੀ ਵਾਧਾ ਕੀਤਾ ਗਿਆ ਹੈ । ਜਦਕਿ ਅਨਰਜਿਸਟਿਡ ਜਗਾ ਤੇ ਸ਼ਰਾਬ ਪਰੋਸਣ ਦੇ ਲਈ ਰੋਜਾਨਾ ਵਸੂਲੀ ਜਾਣ ਵਾਲੀ ਫੀਸ ਦੋ ਤੋ ਵਧਾ ਤੇ 2.20 ਲੱਖ ਪ੍ਰਤੀ ਪ੍ਰੋਗਰਾਮਕਰ ਦਿੱਤੀ ਹੈ । ਵਧੀਆ ਦਰਾ ਦਾ ਭਾਰ ਮੈਰਿਜ ਪੈਲੇਸ ਮਾਲਿਕਾ ਵਲੋ ਉਥੇ ਪ੍ਰੋਗਰਾਮ ਕਰਵਾਉਣ ਵਾਲੇ ਆਯੋਜਕਾ ਤੇ ਪਾਇਆ ਜਾਣਾ ਤੈਅ ਹੈ ।

ਜਿਲੇ ਵਿੱਚ ਐਕਸਾਈਜ ਪਾਲਿਸੀ 2025 /26 ਦੇ ਮੁਕਾਬਲੇ 13 ਕਰੋੜ ਜਿਆਦਾ ਵਿੱਚ ਵੰਡੇ ਜਾਣਗੇ । ਪਿਛਲੇ ਸਾਲ 210.14 ਰੋੜ, ਲਾਈਸੇਸ ਫੀਸ ਤੈਅ ਕੀਤੀ ਸੀ । ਜੋਕਿ ਵੱਧ ਕੇ 2026-27 ਦੇ ਲਈ 224 ਕਰੋੜ ਕਰ ਦਿੱਤੀ ਗਈ ਹੈ । ਵਿੱਤੀ




ਸਾਲ 2025-26 ਵਰਗਾ ਹੀ ਰੱਖਿਆ ਜਾਵੇਗਾ । ਜੇਕਰ ਕੋਈ ਗਰੁੱਪ ਠੇਕੇਦਾਰਾ ਵੱਲੋਂ ਰਿਨਿ-ਊ ਨਹੀ ਕਰਵਾਇਆ ਜਾਦਾ ਉਸਨੂੰ ਈ ਟੇਡਰਿੰਗ ਦੇ ਜਰਿਏ ਵੰਡਿਆ ਜਾਵੇਗਾ । ਐਕਸਾਈਜ ਵਿਭਾਗ ਦੇ ਕਰਮਚਾਰੀਆ ਨੇ ਦੱਸਿਆ ਕਿ ਇਸ ਪਾਲਸੀ ਦੀਆ ਸ਼ਰਤਾ ਬਾਰੇ ਸਾਰੇ ਠੇਕੇਦਾਰਾ ਨੂੰ ਦੱਸਿਆ ਜਾ ਚੁੱਕਾ ਹੈ ।

**2025-26 ਵਿੱਚ 210.41 ਕਰੋੜ ਇਸ ਵਾਰੀ 224 ਕਰੋੜ ਵਿੱਚ ਆਲਟ ਹੋਣਗੇ ਠੇਕੇ**

ਐਕਸਾਈਜ ਪਾਲਿਸੀ 2025 /26 ਵਿੱਚ ਬਲਾਚੌਰ ਦੇ 32 ਠੇਕੇ 55.17 ਕਰੋੜ, ਬੰਗਾ ਦੇ 35 ਠੇਕੇ 51.12 ਕਰੋੜ , ਨਵਾਂਸ਼ਹਿਰ ਸਿਟੀ ਦੇ 31 ਠੇਕੇ 51.61 ਕਰੋੜ, ਰਾਹੋ ਦੇ 48 ਠੇਕੇ 52.51 ਕਰੋੜ  ਵਿੱਚ ਵੇਚੇ ਗਏ ਸੀ । ਪਿਛਲੀ ਵਾਰ ਈ ਟੇਡਰਿੰਗ ਨਾਲ ਠੇ ਕਿਆ ਨੂੰ  ਅਲਾਟ ਕੀਤਾ ਗਿਆ ਸੀ । ਪਰ ਇਸ ਵਾਰ ਠੇਕਿਆ ਨੂੰ  ਰਿਨਿਊ ਕੀਤਾ ਜਾਵੇਗਾ । ਕੁਲ 210.41 ਕਰੋੜ ਰੁ ਤੇ 6.5 ਫੀਸਦੀ ਦਾ ਵਾਧਾ ਕੀਤਾ ਗਿਆ ਹੈ । ਇਸ ਵਾਰ ਜਿਲੇ ਦੇ ਠੇਕੇ ਤਕਰੀਬਨ 224 ਕਰੋੜ 'ਚ ਅਲਾਟ ਕੀਤਾ ਜਾਣਗੇ ।

ਜਦੋ ਇਸ ਸਬੰਧ ਵਿੱਚ ਈਟੀਓ ਅਸ਼ੋਕ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨਾ ਦੱਸਿਆ ਕਿ ਸਰਕਾਰ ਦੀ ਪਾਲਿਸੀ ਦੇ ਅਨੁਸਾਰ ਇਸ ਵਾਰ ਠੇਕਿਆ ਦੀ ਈ ਟੇਡਰਿੰਗਹ ਨਹੀ ਕੀਤੀ ਗਈ । ਪੁਰਾਣੇ ਠੇਕੇਦਾਰਾ ਨੂੰ  ਹੀ ਠੇਕੇ ਅਲਾਟ ਕਰਨੇ ਦਾ ਮੌਕਾ ਦਿੱਤਾ ਜਾ ਰਿਹਾ ਹੈ । ਉਨਾ ਕਿਹਾ ਕਿ ਸਾਰੇ ਠੇਕਿਆ ਨੂੰ ਰਿਨਿਊ ਕੀਤਾ ਜਾਵੇਗਾ । ਜੇਕਰ ਰਿਨਿਊ ਦੀ ਤਰੀਕ ਨਿਕਲ ਗਈ ਤਾਂ ਉਸ ਠੇਕੇ ਦੀ ਈ ਟੇਡਰਿੰਗ ਕਰਵਾਈ ਜਾਵੇਗੀ ।

# ਕਵੀ ਜੱਗੀ ਹਮੀਰਗੜ੍ਹ ਨੂੰ ਮਿਲੇਗਾ ਦੂਜਾ 'ਮਾਸਟਰ ਲਛਮਣ ਦਾਸ ਯਾਦਗਾਰੀ ਪੁਰਸਕਾਰ'

## ਸਾਹਿਤਕ ਸੱਥ ਪੱਤੋ ਹੀਰਾ ਸਿੰਘ ਵੱਲੋਂ 8 ਮਾਰਚ ਨੂੰ ਨਿਹਾਲ ਸਿੰਘ ਵਾਲਾ ਵਿਖੇ ਕਰਵਾਇਆ ਜਾਵੇਗਾ ਵਿਸ਼ੇਸ਼ ਸਨਮਾਨ ਸਮਾਰੋਹ

**ਰਾਮਪੁਰਾ ਫੂਲ, (ਪੱਤਰ ਪ੍ਰੇਰਕ)** ਮਾਲਵੇ ਦੀ ਨਾਮਵਰ ਸਾਹਿਤਕ ਸੰਸਥਾ 'ਸਾਹਿਤਕ ਸੱਥ ਪੱਤੋ ਹੀਰਾ ਸਿੰਘ' ਵੱਲੋਂ ਪੰਜਾਬੀ ਸਾਹਿਤ, ਚਿੰਤਨ ਅਤੇ ਅਧਿਆਪਨ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦੇ ਮਾਣ-ਸਨਮਾਨ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਉਲੀਕਿਆ ਗਿਆ ਹੈ। ਇਹ ਸਾਹਿਤਕ ਕੁੰਭ 8 ਮਾਰਚ 2026, ਦਿਨ ਐਤਵਾਰ ਨੂੰ ਸਥਾਨਕ ਕਾਮਰੇਡ ਭਵਨ, ਨਿਹਾਲ ਸਿੰਘ ਵਾਲਾ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਲਈ ਇਸ ਸਾਲ ਦੇ ਸਾਲਾਨਾ ਯਾਦਗਾਰੀ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸੰਸਥਾ ਵੱਲੋਂ ਦਿੱਤਾ ਜਾਣ ਵਾਲਾ ਦੂਜਾ 'ਮਾਸਟਰ ਲਛਮਣ ਦਾਸ ਯਾਦਗਾਰੀ ਪੁਰਸਕਾਰ' ਇਸ ਵਾਰ ਨੌਜਵਾਨ ਕਵੀ ਅਤੇ ਅਧਿਆਪਨ ਖੇਤਰ ਨਾਲ ਜੁੜੀ ਪ੍ਰਮੁੱਖ ਸ਼ਖਸੀਅਤ ਕਵੀ ਪ੍ਰੋ. ਜੱਗੀ ਹਮੀਰਗੜ੍ਹ ਉਰਫ਼ ਜਗਜੀਤ ਸਿੰਘ ਨੂੰ ਪ੍ਰਦਾਨ ਕੀਤਾ ਜਾਵੇਗਾ।

ਪ੍ਰੋ. ਜੱਗੀ ਹਮੀਰਗੜ੍ਹ ਨੇ ਆਪਣੇ ਪਲੇਠੇ ਕਾਵਿ ਸੰਗ੍ਰਹਿ 'ਕਦਮ ਚੱਲਦੇ ਰਹਿਣ'(2024) ਨਾਲ ਪੰਜਾਬੀ ਕਾਵਿ ਸੰਸਾਰ ਵਿਚ ਪ੍ਰਵੇਸ਼ ਕੀਤਾ ਹੈ। ਭਾਵੇਂ ਇਸ ਤੋਂ ਪਹਿਲਾਂ ਉਹ ਆਪਣੀਆਂ ਤਿੰਨ ਪੁਸਤਕਾਂ (ਨੌਂ ਰੰਗਾਂ ਦੀ ਲਾਟ-ਸੰਪਾਦਿਤ (2018), ਨਕਸਲਬਾੜੀ ਲਹਿਰ ਦਾ ਕਵੀ ਓਮ ਪ੍ਰਕਾਸ਼ ਸ਼ਰਮਾ-ਆਲੋਚਨਾ (2022), ਜ਼ੇਲਖਾਨਾ, ਗੋਲੀਆਂ ਦੀ ਬੌਛਾਰ ਅਤੇ ਕਤਲ-ਗਾਹ (ਬੰਗਾਲੀ ਨਕਸਲੀ ਲਹਿਰ ਦੀ ਕਵਿਤਾ)-ਅਨੁਵਾਦ, 2023 ਸਦਕਾ ਪੰਜਾਬੀ ਸਾਹਿਤ, ਆਲੋਚਨਾ ਅਤੇ ਅਨੁਵਾਦ ਦੇ ਖੇਤਰ ਵਿਚ ਆਪਣੀਆਂ ਸੱਜਰੀਆਂ ਪੈੜਾਂ ਪਾ ਚੁੱਕਾ ਹੈ ਅਤੇ ਨਿਰੰਤਰ ਸਾਹਿਤਕ ਗਤੀਵਿਧੀਆਂ ਨਾਲ ਜੁੜਿਆ ਹੋਇਆ ਹੈ।

ਇਸ ਸਮਾਗਮ ਦੀ ਰੂਪ-ਰੇਖਾ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪੰਜਾਬੀ ਦੇ ਚਰਚਿਤ ਇਨਕਲਾਬੀ ਕਵੀ ਪ੍ਰਸ਼ੋਤਮ ਪੱਤੋ ਨੇ ਦੱਸਿਆ ਕਿ ਇਹ ਪੁਰਸਕਾਰ ਸਮਾਰੋਹ ਕੇਵਲ ਇੱਕ ਰਸਮ ਨਹੀਂ, ਸਗੋਂ ਆਪਣੇ ਪੁਰਖਿਆਂ ਦੀਆਂ ਸਾਹਿਤਕ ਅਤੇ ਸਮਾਜਿਕ ਕਦਰਾਂ-



ਕੀਮਤਾਂ ਨੂੰ ਜਿਉਂਦਾ ਰੱਖਣ ਦਾ ਇੱਕ ਨਿਮਾਣਾ ਜਿਹਾ ਯਤਨ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਇਹ ਸਿਲਸਿਲਾ ਉਨ੍ਹਾਂ ਦੀ ਜੀਵਨ ਸਾਥਣ ਸਵ. ਸੁਰਿੰਦਰ ਸ਼ਰਮਾ ਦੀ ਯਾਦ ਵਿੱਚ ਸ਼ੁਰੂ ਕੀਤਾ ਗਿਆ ਸੀ, ਜਿਸ ਤਹਿਤ ਸਾਹਿਤ ਸੇਵਾ ਵਿੱਚ ਸਰਗਰਮ ਮਹਿਲਾ ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਪਿਛਲੇ ਸਾਲ ਤੋਂ ਉਨ੍ਹਾਂ ਨੇ ਆਪਣੇ ਦਾਦਾ ਸਵ. ਮਾਸਟਰ ਲਛਮਣ ਦਾਸ ਜੀ (ਜੋ ਕਿ ਖੁਦ ਇੱਕ ਆਦਰਸ਼ਕ ਅਧਿਆਪਕ ਅਤੇ ਸਮਾਜਿਕ ਰਹਿਨੁਮਾ ਸਨ) ਦੀ ਯਾਦ ਵਿੱਚ ਵੀ ਪੁਰਸਕਾਰ ਸਥਾਪਿਤ ਕੀਤਾ ਹੈ। ਇਸ ਸਾਲ ਦਾ 'ਦੂਜਾ ਮਾਸਟਰ ਲਛਮਣ ਦਾਸ ਯਾਦਗਾਰੀ ਪੁਰਸਕਾਰ' ਨੌਜਵਾਨ ਸ਼ਾਇਰ ਅਤੇ ਅਕਾਦਮਿਕ ਖੇਤਰ ਦੀ ਉੱਭਰਦੀ ਸ਼ਖਸੀਅਤ ਕਵੀ ਪ੍ਰੋ. ਜੱਗੀ ਹਮੀਰਗੜ੍ਹ ਉਰਫ਼ ਜਗਜੀਤ ਸਿੰਘ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਪ੍ਰੋ. ਜੱਗੀ ਹਮੀਰਗੜ੍ਹ ਨੇ ਆਪਣੀ ਸੰਵੇਦਨਸ਼ੀਲ ਕਵਿਤਾ ਅਤੇ ਅਧਿਆਪਨ ਰਾਹੀਂ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਵਿਰਸੇ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਸੰਸਥਾ ਅਨੁਸਾਰ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਨਵੀਂ ਪਨੀਰੀ ਲਈ ਪ੍ਰੇਰਨਾ ਸਰੋਤ ਹਨ। ਇਸ ਤੋਂ ਇਲਾਵਾ ਸਾਹਿਤਕ ਸੱਥ' ਵੱਲੋਂ ਵੱਖ-ਵੱਖ ਖੇਤਰਾਂ ਦੀਆਂ ਹੋਰਨਾਂ ਸਿਰਮੌਰ ਹਸਤੀਆਂ ਨੂੰ ਵੀ ਹੇਠ ਲਿਖੇ ਪੁਰਸਕਾਰਾਂ ਨਾਲ ਨਿਵਾਜਿਆ ਜਾਵੇਗਾ, ਕਹਾਣੀ ਅਤੇ ਨਾਵਲਕਾਰੀ ਲਈ: ਚੌਥਾ 'ਕਹਾਣੀਕਾਰ ਅਜੀਤ ਸਿੰਘ ਪੱਤੋ ਯਾਦਗਾਰੀ ਪੁਰਸਕਾਰ' ਪ੍ਰਸਿੱਧ ਗਲਪਕਾਰ ਹਰੀ ਸਿੰਘ ਢੁੱਡੀਕੇ ਦੀ ਝੋਲੀ ਪਾਇਆ ਜਾਵੇਗਾ।

ਨਾਰੀ ਚੇਤਨਾ ਲਈ: ਛੇਵਾਂ 'ਸੁਰਿੰਦਰ ਸ਼ਰਮਾ ਯਾਦਗਾਰੀ ਪੁਰਸਕਾਰ' ਪੰਜਾਬੀ ਮਾਂ-ਬੋਲੀ ਦੀ ਸੇਵਾ ਵਿੱਚ ਜੁਟੇ ਬੀਬੀ ਏਕਤਾ ਸਿੰਘ ਭੂਪਾਲ (ਮੋਗਾ) ਨੂੰ ਦਿੱਤਾ ਜਾਵੇਗਾ। ਸਾਹਿਤਕ ਸਿਰਜਣਾ ਲਈ: ਤੀਜਾ 'ਹਰਨਵਦੀਪ ਸਿੰਘ ਯਾਦਗਾਰੀ ਪੁਰਸਕਾਰ' ਸਿਰੜੀ ਫਿਲਮਸਾਜ ਅਮਰ ਘੋਲੀਆ ਨੂੰ ਪ੍ਰਦਾਨ ਕੀਤਾ ਜਾਵੇਗਾ।

ਇਹ ਸਮਾਗਮ ਦੋ ਪੜਾਵਾਂ ਵਿੱਚ ਹੋਵੇਗਾ। ਪਹਿਲੇ ਪੜਾਅ ਵਿੱਚ ਪੁਰਸਕਾਰ ਵੰਡ ਦੀ ਰਸਮ ਅਦਾ ਕੀਤੀ ਜਾਵੇਗੀ ਅਤੇ ਦੂਜੇ ਪੜਾਅ ਵਿੱਚ ਕਵੀ ਦਰਬਾਰ ਸਜਾਇਆ ਜਾਵੇਗਾ। ਇਸ ਕਵੀ ਦਰਬਾਰ ਵਿੱਚ ਕਵੀ ਆਪਣੀਆਂ ਰਚਨਾਵਾਂ ਰਾਹੀਂ ਮੌਜੂਦਾ ਸਮਾਜਿਕ ਸਰੋਕਾਰਾਂ ਅਤੇ ਮਾਨਵੀ ਸੰਵੇਦਨਾਵਾਂ ਦੀ ਤਰਜਮਾਨੀ ਕਰਨਗੇ।

ਲੇਖਕ ਵਿਚਾਰ ਮੰਚ, ਨਿਹਾਲ ਸਿੰਘ ਵਾਲਾ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਵਿੱਚ ਇਲਾਕੇ ਦੀਆਂ ਰਾਜਨੀਤਿਕ, ਸਮਾਜਿਕ ਅਤੇ ਸਾਹਿਤਕ ਜਥੇਬੰਦੀਆਂ ਦੇ ਨੁਮਾਇੰਦੇ ਸ਼ਿਰਕਤ ਕਰਨਗੇ। ਸਾਹਿਤਕ ਸੱਥ ਪੱਤੋ ਹੀਰਾ ਸਿੰਘ ਵੱਲੋਂ ਸਮੂਹ ਸਾਹਿਤ-ਪ੍ਰੇਮੀਆਂ ਨੂੰ ਸਮੇਂ ਸਿਰ ਪਹੁੰਚਣ ਦੀ ਨਿਮ-ਰਤਾ ਸਹਿਤ ਬੇਨਤੀ ਕੀਤੀ ਗਈ ਹੈ। ਪ੍ਰੋ.ਜੱਗੀ ਹਮੀਰਗੜ੍ਹ ਨੇ ਕਿਹਾ ਕਿ ਮੈਂ ਸਾਹਿਤਕ ਸੱਥ ਪੱਤੋ ਹੀਰਾ ਸਿੰਘ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਵਿਅਕਤ ਕਰਦਾ ਹਾਂ ਜਿਨ੍ਹਾਂ ਮੈਨੂੰ ਇਸ ਯੋਗ ਸਮਝਿਆ। ਇਹ ਪੁਰਸਕਾਰ ਮੇਰੇ ਬਚਪਨ ਦੇ ਇਕੋ ਇਕ ਸੁਪਨੇ ਜੋ ਅਧਿਆਪਕ ਬਣਨਾ ਸੀ ਨੂੰ ਸੰਪੂਰਨਤਾ ਪ੍ਰਦਾਨ ਕਰਦਾ ਹੈ। ਸਵ ਮਾਸਟਰ ਲਛਮਣ ਦਾਸ ਜੋ ਇਕ ਸਿਰੜੀ ਤੇ ਮਿਹਨਤੀ ਅਧਿਆਪਕ ਸਨ ਉਨ੍ਹਾਂ ਦੇ ਨਾਮ ਦਾ ਪੁਰਸਕਾਰ ਮੇਰੇ ਅਧਿਆਪਕ ਹੋਣ ਦੇ ਮਾਣ ਨੂੰ ਹੋਰ ਵਧਾਉਂਦਾ ਹੈ ਅਤੇ ਇਹ ਮੇਰੀ ਸਾਹਿਤਕ ਪ੍ਰਤੀਬੱਧਤਾ ਹੋਰ ਵੀ ਪਕੇਰੇ ਕਰੇਗਾ। ਮੇਰੇ ਲਈ ਇਸ ਤੋਂ ਵੱਡੀ ਹੋਰ ਕੋਈ ਖੁਸ਼ੀ ਨਹੀਂ ਹੋ ਸਕਦੀ।

# ਪਬਲਿਕ ਨੂੰ ਵਧੀਆਂ ਸੇਵਾਵਾਂ ਪ੍ਰਦਾਨ ਕਰਨਾ ਹੋਵੇਗੀ ਪ੍ਰਾਥਮਿਕਤਾ - ਐਸ ਡੀ ਐਮ ਚੇਤਨ ਬੰਗੜ

## ਮੋਰਿੰਡਾ 'ਚ ਸੰਭਾਲਿਆ ਆਪਣਾ ਅਹੁਦਾ



**ਰੂਪਨਗਰ (ਜਤਿੰਦਰਪਾਲ ਸਿੰਘ ਕਲੇਰ )** ਮੋਰਿੰਡਾ ਦੇ ਨਵਨਿਯੁਕਤ ਐਸਡੀਐਮ - ਸ੍ਰੀ ਚੇਤਨ ਬੰਗੜ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ । ਉਨ੍ਹਾਂ ਕਿਹਾ ਕਿ ਜਨਤਾ ਨੂੰ ਹਰ ਤਰ੍ਹਾਂ ਦੀਆਂ ਸੇਵਾਵਾਂ ਸਹੀ ਢੰਗ ਨਾਲ ਪ੍ਰਦਾਨ ਕਰਨਾ ਉਨ੍ਹਾਂ ਦੀ ਪ੍ਰਾਥਮਿਕਤਾ ਹੋਵੇਗੀ । ਇਸ ਮੌਕੇ ਤਹਿਸੀਲਦਾਰ ਸੁਰਿੰਦਰ ਪਾਲ ਸਿੰਘ ਦੀ ਅਗਵਾਈ ਸਾਰੇ ਮੁਲਾਜ਼ਮਾਂ ਨੇ ਐਸਡੀਐਮ ਚੇਤਨ ਬੰਗੜ ਨੂੰ ਬੁੱਕੇ ਦੇ ਕੇ ਉਨ੍ਹਾਂ ਦੀ ਗਰਮਜੋਸ਼ੀ ਨਾਲ ਸਵਾਗਤ ਕੀਤਾ । ਐਸ ਡੀ ਐਮ ਚੇਤਨ ਬੰਗੜ ਇਸ ਤੋਂ ਪਹਿਲਾਂ ਰੋਪੜ੍ਹ ਵਿਖੇ ਬਤੌਰ ਐਸ ਡੀ ਐਮ ਸੇਵਾ ਨਿਭਾ ਚੁੱਕੇ ਹਨ । ਉਨ੍ਹਾਂ ਦੱਸਿਆ ਕਿ ਐਸ ਡੀ ਐਮ ਸੁਰਿੰਦਰ ਕੌਰ ਦੇ ਤਬਾਦਲੇ ਤੋਂ ਬਾਅਦ ਇਹ ਅਹੁਦਾ ਖਾਲੀ ਸੀ । ਇਸ ਮੌਕੇ ਐਸਡੀਐਮ ਚੇਤਨ ਬੰਗੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆਂ ਕਿ ਮੋਰਿੰਡਾ ਇਲਾਕੇ ਦੇ ਲੋਕਾਂ ਦੀਆਂ ਸੱਮਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ । ਉਨ੍ਹਾਂ ਕਿਹਾ ਕਿ ਜੇਕਰ ਕਿਸੀ ਵਿਆਕਤੀ ਨੂੰ ਤਹਿਸੀਲ ਵਿੱਚ ਕੰਮ ਕਰਨ ਵਿੱਚ ਬਿਨਾਂ ਵਜਾ ਦੇਰੀ ਹੁੰਦੀ ਹੈ ਤਾ ਉਹ ਤੁਰੰਤ ਉਨ੍ਹਾਂ ਕੰਮਕਾਜ ਵਾਲੇ ਦਿਨ ਬਿਨਾਂ ਝਿਜਕ ਸਿੱਧੇ ਆ ਕੇ ਵੀ ਮਿਲ ਸਕਦੇ ਹਨ । ਉਨ੍ਹਾਂ ਕਿਹਾ ਕਿ ਪਬਲਿਕ ਦੇ ਲਈ ਉਹ ਦਿਨ ਰਾਤ ਹਾਜ਼ਰ ਹਨ । ਕਿਸੇ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਪੇਸ਼ ਨਹੀ ਆਉਣ ਦਿੱਤੀ ਜਾਵੇਗੀ ।

# 'ਸੇਫ਼ ਪੰਜਾਬ' ਤਹਿਤ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਮਿਲਿਆ ਲੋਕਾਂ ਦਾ ਭਰਪੂਰ ਸਹਿਯੋਗ

## ਜਾਗਰੂਕਤਾ ਪ੍ਰੋਗਰਾਮ ਦੌਰਾਨ ਨਸ਼ਾ ਸਮੱਗਲਰਾਂ ਖਿਲਾਫ ਸਖ਼ਤ ਕਾਰਵਾਈ ਜਾਰੀ ਰੱਖਣ ਦਾ ਭਰੋਸਾ





**ਭੀਖੀ, ( ਕਮਲ ਜਿੰਦਲ ) :** ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ-ਮੁਕਤ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪੁਲਿਸ ਮੁੱਖੀ ਭਾਗੀਰਥ ਸਿੰਘ ਮੀਨਾ ਦੀ ਅਗਵਾਈ ਹੇਠ 'ਸੇਫ਼ ਪੰਜਾਬ' ਅਭਿਆਨ ਦੇ ਅਧੀਨ ਸਥਾਨਕ ਸ਼ਿਵ ਮੰਦਿਰ ਵਿਖੇ ਇਕ ਵਿਸ਼ਾਲ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਸ਼ਹਿਰ ਦੇ ਪਤਵੰਤਿਆਂ, ਸਮਾਜ ਸੇਵੀਆਂ, ਧਾਰਮਿਕ ਆਗੂਆਂ ਅਤੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਭਾਗ ਲਿਆ।ਪ੍ਰੋਗਰਾਮ ਦੌਰਾਨ ਐਸ.ਪੀ. (ਐਚ) ਪ੍ਰਦੀਪ ਸੰਧੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਸ਼ਾ ਸਿਰਫ਼ ਇਕ ਵਿਅਕਤੀ ਦੀ ਜ਼ਿੰਦਗੀ ਨੂੰ ਨਹੀਂ ਬਰਬਾਦ ਕਰਦਾ, ਸਗੋਂ ਪੂਰੇ ਪਰਿਵਾਰ ਅਤੇ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਲਤ ਕਾਰਨ ਅਪਰਾਧ, ਗੈਂਗਸਟਰਵਾਦ ਅਤੇ ਸਮਾਜਿਕ ਅਸਥਿਰਤਾ ਵਿੱਚ ਵਾਧਾ ਹੁੰਦਾ ਹੈ। ਇਸ ਲਈ ਹਰ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨਸ਼ਾ ਤਸਕਰਾਂ ਅਤੇ ਗੈਰਕਾਨੂੰਨੀ ਗਤੀਵਿਧੀਆਂ ਬਾਰੇ ਪੁਲਿਸ ਨੂੰ ਜਾਣਕਾਰੀ ਦੇ ਕੇ ਇਸ ਮੁਹਿੰਮ ਨੂੰ ਕਾਮਯਾਬ ਬਣਾਏ।

ਉਨ੍ਹਾਂ ਦੱਸਿਆ ਕਿ ਡੀ.ਜੀ.ਪੀ. ਪੰਜਾਬ ਦੀ ਪ੍ਰਧਾਨਗੀ ਹੇਠ 1 ਮਾਰਚ 2025 ਤੋਂ ਸ਼ੁਰੂ ਹੋਈ ਇਸ ਰਾਜ-ਪੱਧਰੀ ਮੁਹਿੰਮ ਦੌਰਾਨ ਹੁਣ ਤੱਕ ਜ਼ਿਲੇ ਵਿੱਚ 1069 ਮੁਕੱਦਮੇ ਦਰਜ ਕਰਕੇ 1611 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨਸ਼ਿਆਂ ਤੋਂ ਪ੍ਰਭਾਵਿਤ 115 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰਾਂ ਵਿੱਚ ਦਾਖਲ ਕਰਵਾ ਕੇ ਉਨ੍ਹਾਂ ਦਾ ਇਲਾਜ ਸ਼ੁਰੂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਪੁਲਿਸ ਦੀ ਲੜਾਈ ਨਹੀਂ, ਸਗੋਂ ਪੂਰੇ ਸਮਾਜ ਦੀ ਸਾਂਝੀ ਜੰਗ ਹੈ।ਡੀ.ਐਸ.ਪੀ. ਬੂਟਾ ਸਿੰਘ ਗਿੱਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੁਲਿਸ ਵੱਲੋਂ ਜਾਰੀ ਕੀਤੇ ਵਟਸਐਪ ਨੰਬਰ 'ਤੇ ਨਸ਼ਾ ਸਮੱਗਲਰਾਂ ਬਾਰੇ ਜਾਣਕਾਰੀ ਭੇਜੀ ਜਾ ਸਕਦੀ ਹੈ ਅਤੇ ਸੂਚਨਾ ਦੇਣ ਵਾਲੇ ਵਿਅਕਤੀ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀ ਦੋਸਤੀ ਅਤੇ ਰੁਝਾਨਾਂ 'ਤੇ ਨਿਗਰਾਨੀ ਰੱਖਣ ਅਤੇ ਉਨ੍ਹਾਂ ਨਾਲ ਸਮੇਂ-ਸਮੇਂ 'ਤੇ ਸੰਵਾਦ ਕਰਦੇ ਰਹਿਣ। ਉਨ੍ਹਾਂ ਕਿਹਾ ਕਿ ਨਸ਼ਾ ਇੱਕ ਦਿਨ ਵਿੱਚ ਨਹੀਂ ਲੱਗਦਾ, ਬਲਕਿ ਹੌਲੀ-ਹੌਲੀ ਆਦਤ ਬਣ ਜਾਂਦਾ ਹੈ, ਇਸ ਲਈ ਸ਼ੁਰੂਆਤੀ ਪੜਾਅ 'ਤੇ ਹੀ ਸਾਵਧਾਨੀ ਜਰੂਰੀ ਹੈ।ਪ੍ਰੋਗਰਾਮ ਦੌਰਾਨ ਹਾਜ਼ਰ ਪਤਵੰਤਿਆਂ ਨੇ ਵੀ ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਲਈ ਪੁਲਿਸ ਦਾ ਸਾਥ ਦੇਣ ਦਾ ਭਰੋਸਾ ਦਿੱਤਾ। ਸਮਾਗਮ ਦੇ ਅੰਤ ਵਿੱਚ ਸਾਰੇ ਹਾਜ਼ਰੀਨਾਂ ਵੱਲੋਂ ਨਸ਼ਿਆਂ ਖਿਲਾਫ਼ ਇਕਜੁੱਟ ਹੋ ਕੇ ਲੜਨ ਅਤੇ ਨੌਜਵਾਨ ਪੀੜ੍ਹੀ ਨੂੰ ਸਹੀ ਦਿਸ਼ਾ ਦੇਣ ਦਾ ਸੰਕਲਪ ਲਿਆ ਗਿਆ।ਇਸ ਮੌਕੇ ਥਾਣਾ ਮੁੱਖੀ ਗੁਰਮੇਲ ਸਿੰਘ ਭੁੱਲਰ, ਮਾਰਕੀਟ ਕਮੇਟੀ ਦੇ ਚੇਅਰਮੈਨ ਵਰਿੰਦਰ ਸੋਨੀ, ਜ਼ਿਲ੍ਹਾ ਕੋਆਰਡੀਨੇਟਰ ਰਜਿੰਦਰ ਸਿੰਘ ਜਾਫ਼ਰੀ, ਸੁਖਦੇਵ ਸਿੰਘ, ਐਡਵੋਕੇਟ ਗਗਨਦੀਪ ਸਿੰਘ ਚਹਿਲ, ਠੇਕੇਦਾਰ ਅਸ਼ੋਕ ਕੁਮਾਰ ਬੱਗਾ, ਕੌਂਸਲਰ ਰਾਮ ਸਿੰਘ, ਨਗਰ ਪੰਚਾਇਤ ਦੇ ਉਪ ਪ੍ਰਧਾਨ ਪੱਪੀ ਸਿੰਘ, ਡਾ. ਮਨਪ੍ਰੀਤ ਸਿੰਘ, ਰਾਜ ਕੁਮਾਰ, ਰਜਨੀਸ਼ ਸ਼ਰਮਾ, ਇੰਦਰਜੀਤ ਸਿੰਘ, ਰਿਸ਼ਵ ਸਿੰਗਲਾ, ਬਲਰਾਜ ਮਿੱਤਲ, ਕਾਮਰੇਡ ਗੁਰਨਾਮ ਭੀਖੀ, ਰਾਮ ਸਿੰਘ ਅਕਲੀਆਂ, ਮਲਕੀਤ ਸਿੰਘ ਟੇਲਰ, ਮੱਖਣ ਹਾਜ਼ੀ, ਗੁਰਮੇਜ਼ ਸਿੰਘ ਸਮੇਤ ਹੋਰ ਸ਼ਹਿਰ ਵਾਸੀ ਅਤੇ ਸਮਾਜ ਸੇਵੀ ਵੱਡੀ ਗਿਣਤੀ ਵਿੱਚ ਮੌਜੂਦ ਰਹੇ।ਪੁਲਿਸ ਅਧਿਕਾਰੀਆਂ ਨੇ ਦੋਹਰਾਇਆ ਕਿ ਨਸ਼ਿਆਂ ਅਤੇ ਗੈਂਗਸਟਰਵਾਦ ਵਿਰੁੱਧ ਕਾਰਵਾਈ ਆਗਾਮੀ ਸਮੇਂ ਵਿੱਚ ਹੋਰ ਤੇਜ਼ ਕੀਤੀ ਜਾਵੇਗੀ ਅਤੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ।

for more news visit:
www.samajweekly.com

# ਬਰਨਾਲਾ ਰੈਲੀ: ਕਾਂਗਰਸ ਦੀ ਤਾਕਤ, ਅਤੇ 2027 ਦਾ ਰਾਜਨੀਤਿਕ ਸੰਕੇਤ

**● ਬਰਨਾਲਾ ਵਿੱਚ 'ਮਨਰੇਗਾ ਮਜ਼ਦੂਰ ਅਤੇ ਕਿਸਾਨ ਬਚਾਓ ਰੈਲੀ' ਦੌਰਾਨ ਰਾਹੁਲ ਗਾਂਧੀ ਦਾ ਕੇਂਦਰ ਤੇ ਸੂਬਾ ਸਰਕਾਰ 'ਤੇ ਤਿੱਖਾ "ਹਮਲਾ**

**● ਕਾਂਗਰਸ ਦੀ ਅਸਲ ਤਾਕਤ ਉਸਦਾ ਵਰਕਰ ਹੈ। ਜੇ ਵਰਕਰ ਇਕਜੁੱਟ ਰਹਿੰਦੇ ਹਨ ਤਾਂ ਕੋਈ ਵੀ ਸਿਆਸੀ ਤਾਕਤ ਸਾਨੂੰ ਰੋਕ ਨਹੀਂ ਸਕਦੀ:ਰਾਹੁਲ ਗਾਂਧੀ**













**ਬਰਨਾਲਾ, ( ਗੁਰਭਿੰਦਰ ਗੁਰੀ )** – ਬਰਨਾਲਾ ਦੀ ਧਰਤੀ 'ਤੇ ਹੋਈ ਕਾਂਗਰਸ ਦੀ ਵਿਸ਼ਾਲ ਰੈਲੀ ਨੇ ਪੰਜਾਬ ਦੀ ਸਿਆਸਤ ਵਿੱਚ ਨਵਾਂ ਉਤਸ਼ਾਹ ਭਰ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਵਰਕਰਾਂ ਅਤੇ ਸਮਰਥਕਾਂ ਦੇ ਦਰਮਿਆਨ ਕਾਂਗਰਸ ਦੇ ਕੇਂਦਰੀ ਨੇਤਾ ਓਹੁਲ ਘਓਨਦਹਿ ਨੇ ਜੋਸ਼ੀਲੇ ਅੰਦਾਜ਼ ਵਿੱਚ ਸੰਬੋਧਨ ਕਰਦਿਆਂ ਸਾਫ਼ ਸੰਦੇਸ਼ ਦਿੱਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਇਕਤਾ ਅਤੇ ਅਨੁਸ਼ਾਸਨ ਸਭ ਤੋਂ ਵੱਡੀ ਲੋੜ ਹੈ।

ਇਸ ਸਾਂਝੀ ਹਾਜ਼ਰੀ ਨੂੰ ਸਿਆਸੀ ਵਿਸ਼ਲੇਸ਼ਕਾਂ ਵੱਲੋਂ ਇਕਤਾ ਦਾ ਵੱਡਾ ਸੰਕੇਤ ਮੰਨਿਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਚੱਲ ਰਹੀਆਂ ਅੰਦਰੂਨੀ ਅਸਹਿਮਤੀਆਂ ਦੇ ਮਾਹੌਲ ਵਿੱਚ ਇਹ ਤਸਵੀਰ ਵਰਕਰਾਂ ਲਈ ਹੌਸਲੇ ਦਾ ਕਾਰਨ ਬਣੀ।

ਰਾਹੁਲ ਗਾਂਧੀ ਨੇ ਆਪਣੇ ਭਾਸ਼ਣ ਵਿੱਚ ਕਿਹਾ:

"ਕਾਂਗਰਸ ਦੀ ਅਸਲ ਤਾਕਤ ਉਸਦਾ ਵਰਕਰ ਹੈ। ਜੇ ਵਰਕਰ ਇਕਜੁੱਟ ਰਹਿੰਦੇ ਹਨ ਤਾਂ ਕੋਈ ਵੀ ਸਿਆਸੀ ਤਾਕਤ ਸਾਨੂੰ ਰੋਕ ਨਹੀਂ ਸਕਦੀ।"

ਉਨ੍ਹਾਂ ਨੇ ਸਪਸ਼ਟ ਕੀਤਾ ਕਿ ਪਾਰਟੀ ਅੰਦਰ ਗੁਟਬੰਦੀ ਜਾਂ ਨਿੱਜੀ ਅਜੰਡੇ ਲਈ ਕੋਈ ਥਾਂ ਨਹੀਂ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜ ਕੇ ਕੰਮ ਕੀਤਾ ਜਾਵੇ।

ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਅਨੁਸ਼ਾਸਨਹੀਣਤਾ 'ਤੇ ਸਖ਼ਤ ਰਵੱਈਆ ਅਪਣਾਇਆ ਜਾਵੇਗਾ।

ਮਲਿਕਾਰਜੁਨ ਖਰਗੇ ਨੇ ਰੈਲੀ 'ਚ ਮਨਰੇਗਾ ਦੀ ਲੋੜ, ਇਸ ਦੀ ਕਾਰਗਰਤਾ, ਅਤੇ ਮਜ਼ਦੂਰਾਂ ਦੇ ਹੱਕਾਂ ਬਾਰੇ ਗੱਲ ਕੀਤੀ। ਇਹ ਰੈਲੀ ਕਾਂਗਰਸ ਦੀਆਂ ਭ ਵਿ ੱ ਖੀ ਰਣਨੀਤੀਆਂ ਨੂੰ ਮਜ਼ਬੂਤ ਕਰਨ ਲਈ ਇਕ ਮੁੱਖ ਮੋੜ ਸੀ।

ਰੈਲੀ ਦੌਰਾਨ ਬਰਨਾਲਾ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਲੋਕ ਪਹੁੰਚੇ। ਨਾਰੇਬਾਜ਼ੀ ਅਤੇ ਜੋਸ਼ੀਲੇ ਮਾਹੌਲ ਨੇ ਦਰਸਾਇਆ ਕਿ ਕਾਂਗਰਸ ਹਾਲੇ ਵੀ ਜ਼ਮੀਨੀ ਪੱਧਰ 'ਤੇ ਆਪਣੀ ਮੌਜੂਦਗੀ ਰੱਖਦੀ ਹੈ।

ਰੈਲੀ ਸਥਾਨ 'ਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ। ਵਰਕਰਾਂ ਵਿੱਚ 2027 ਦੀ ਤਿਆਰੀ ਨੂੰ ਲੈ ਕੇ ਖਾਸ ਉਤਸ਼ਾਹ ਦਿਖਾਈ ਦਿੱਤਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਰਨਾਲਾ ਰੈਲੀ 2027 ਦੀ ਚੋਣੀ ਮੁਹਿੰਮ ਦਾ ਸ਼ੁਰੂਆਤੀ ਪੜਾਅ ਹੈ। ਕਾਂਗਰਸ ਹੁਣ ਜ਼ਿਲ੍ਹਾ ਪੱਧਰ ਤੋਂ ਲੈ ਕੇ ਪਿੰਡ ਪੱਧਰ ਤੱਕ ਸੰਗਠਨ ਮਜ਼ਬੂਤ ਕਰਨ ਦੀ ਯੋਜਨਾ 'ਤੇ ਕੰਮ ਕਰ ਸਕਦੀ ਹੈ।

ਪਾਰਟੀ ਅੰਦਰ ਚੱਲ ਰਹੇ ਮਸਲਿਆਂ ਨੂੰ ਸੁਲਝਾ ਕੇ ਇਕਤਾ ਬਣਾਈ ਰੱਖਣਾ ਹੀ ਸਭ ਤੋਂ ਵੱਡੀ ਚੁਣੌਤੀ ਹੋਵੇਗੀ।

ਬਰਨਾਲਾ ਦੀ ਰੈਲੀ ਨੇ ਸਪਸ਼ਟ ਕੀਤਾ ਕਿ ਕਾਂਗਰਸ ਹਾਈਕਮਾਂਡ ਹੁਣ ਪੰਜਾਬ ਇਕਾਈ ਨੂੰ ਲੈ ਕੇ ਗੰਭੀਰ ਹੈ। ਇਕ ਪਾਸੇ ਇਕਤਾ ਦਾ ਸੰਦੇਸ਼ ਦਿੱਤਾ ਗਿਆ, ਦੂਜੇ ਪਾਸੇ ਅਨੁਸ਼ਾਸਨ ਦੀ ਲਕੀਰ ਵੀ ਖਿੱਚੀ ਗਈ।

ਜੇ ਇਹ ਇਕਤਾ ਲੰਮੇ ਸਮੇਂ ਤੱਕ ਕਾਇਮ ਰਹਿੰਦੀ ਹੈ ਤਾਂ 2027 ਦੀ ਜੰਗ ਵਿੱਚ ਕਾਂਗਰਸ ਮਜ਼ਬੂਤ ਦਾਵੇਦਾਰ ਬਣ ਸਕਦੀ ਹੈ। ਪਰ ਜੇ ਅੰਦਰੂਨੀ ਟਕਰਾਅ ਮੁੜ ਉਭਰਿਆ ਤਾਂ ਸਥਿਤੀ ਮੁਸ਼ਕਲ ਹੋ ਸਕਦੀ ਹੈ।

ਬਰਨਾਲਾ ਦੀ ਰੈਲੀ ਸਿਰਫ਼ ਭੀੜ ਦਾ ਪ੍ਰਦਰਸ਼ਨ ਨਹੀਂ ਸੀ, ਸਗੋਂ ਕਾਂਗਰਸ ਲਈ ਇਕ ਨਵੀਂ ਸ਼ੁਰੂਆਤ ਦਾ ਸੰਕੇਤ ਸੀ। ਰਾਹੁਲ ਗਾਂਧੀ ਦੇ ਬਿਆਨਾਂ ਨੇ ਸਾਫ਼ ਕਰ ਦਿੱਤਾ ਕਿ ਹੁਣ ਇਕਤਾ ਅਤੇ ਅਨੁਸ਼ਾਸਨ ਨਾਲ ਹੀ ਅੱਗੇ ਵਧਣਾ ਹੋਵੇਗਾ।

ਇਹ ਰੈਲੀ ਸਿਰਫ਼ ਸਿਆਸੀ ਇਕੱਠ ਨਹੀਂ ਸੀ, ਸਗੋਂ ਪੰਜਾਬ ਕਾਂਗਰਸ ਦੀ ਤਾਕਤ ਦਾ ਪ੍ਰਦਰਸ਼ਨ ਅਤੇ ਸੰਗਠਨਕ ਇਕਜੁੱਟਤਾ ਦਾ ਪ੍ਰਤੀਕ ਵੀ ਬਣੀ।

ਪੰਜਾਬ ਦੀ ਸਿਆਸਤ ਵਿੱਚ ਇਹ ਰੈਲੀ ਆਉਣ ਵਾਲੇ ਸਮੇਂ ਵਿੱਚ ਇੱਕ ਮਹੱਤਵਪੂਰਨ ਮੋੜ ਸਾਬਤ ਹੋ ਸਕਦੀ ਹੈ।ਰੈਲੀ ਦੀ ਸਭ ਤੋਂ ਵੱਡੀ ਖਾਸੀਅਤ ਸੀ ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾਵਾਂ ਦੀ ਸਾਂਝੀ ਮੌਜੂਦਗੀ। ਮੰਚ 'ਤੇ ਸੁਖਪਾਲ ਸਿੰਘ ਖਹਿਰਾ, ਪ੍ਰਤਾਪ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ, ਵਿਜੇ ਇੰਦਰ ਸਿੰਗਲਾ, ਪਰਗਟ ਸਿੰਘ.ਰਾਜਿੰਦਰ ਕੌਰ ਭੱਠਲ .ਰਾਣਾ ਗੁਰਜੀਤ ਸਿੰਘ.ਰਾਜਾਵੜਿੰਗ .ਡਾ. ਅਮਰ ਸਿੰਘ.ਡਾ. ਧਰਮਵੀਰ.ਗੁਰਜੀਤ ਸਿੰਘ ਔਜਲਾ. ਗਾਂਧੀ ਸ਼ੇਰ ਸਿੰਘ (ਐਮ.ਪੀ.) ਦਲਵੀਰ ਸਿੰਘ ਗੋਲਡੀ, ਕੁਲਦੀਪ ਸਿੰਘ ਕਾਲਾ ਢਿੱਲੋਂ (ਵਿਧਾਇਕ ਬਰਨਾਲਾ) ਅਤੇ ਸੁਖਜਿੰਦਰ ਸਿੰਘ ਰੰਧਾਵਾ ਇਕੱਠੇ ਨਜ਼ਰ ਆਏ।

**ਕਾਂਗਰਸ ਪਾਰਟੀ ਹਮੇਸ਼ਾ ਗਰੀਬ ਅਤੇ ਮਿਹਨਤਕਸ਼ ਵਰਗ ਦੇ ਨਾਲ ਖੜੀ ਰਹੀ ਹੈ .ਚੰਨੀ**

ਬਰਨਾਲਾ ਵਿਖੇ ਕਾਂਗਰਸ ਪਾਰਟੀ ਵੱਲੋਂ ਕਰਵਾਈ ਗਈ 'ਮਨਰੇਗਾ ਮਜ਼ਦੂਰ ਅਤੇ ਕਿਸਾਨ ਬਚਾਓ ਰੈਲੀ' ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੇਂਦਰ ਅਤੇ ਸੂਬਾ ਸਰਕਾਰ 'ਤੇ ਤਿੱਖੇ ਸ਼ਬਦੀ ਪ੍ਰਹਾਰ ਕੀਤੇ।

ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਅਤੇ ਮਜ਼ਦੂਰ ਅੱਜ ਸੰਕਟਮਈ ਹਾਲਾਤਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਸਰਕਾਰਾਂ ਇਨ੍ਹਾਂ ਵਰਗਾਂ ਦੀ ਅਣਦੇਖੀ ਕਰ ਰਹੀਆਂ ਹਨ। ਚੰਨੀ ਨੇ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਹਮੇਸ਼ਾ ਗਰੀਬ ਅਤੇ ਮਿਹਨਤਕਸ਼ ਵਰਗ ਦੇ ਨਾਲ ਖੜੀ ਰਹੀ ਹੈ ਅਤੇ ਆਗਾਮੀ ਸਮੇਂ ਵਿੱਚ ਵੀ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਦੀ ਰਹੇਗੀ।

ਉਨ੍ਹਾਂ ਨੇ ਆਪਣੇ ਸੰਬੋਧਨ ਦੌਰਾਨ ਸੂਬੇ ਵਿੱਚ ਵਧ ਰਹੇ ਨਸ਼ਿਆਂ ਅਤੇ ਬੇਰੁਜ਼ਗਾਰੀ ਦੇ ਮਸਲਿਆਂ 'ਤੇ ਵੀ ਚਿੰਤਾ ਜਤਾਈ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਵਿਚ ਜਾ ਕੇ ਸੱਚਾਈ ਸਾਹਮਣੇ ਲਿਆਉਣ।

# ਇੱਕ ਹਾਣੀ ਕਹਿੰਦਾ ਹਾਣਨ ਨੂੰ



ਇੱਕ ਤੇਰੇ ਲਈ ਸਾਰੀ ਦੁਨੀਆਂ ਨਾਲ ,
ਲੜਨ ਦਾ ਹੁਨਰ ਵੀ ਆਉਂਦਾ ਏ ।
ਤੇਰੇ ਨਕਸ਼ਾਂ ਨੂੰ ਕਵਿਤਾਵਾਂ ਦੇ ਵਿੱਚ ,
ਜੜਨ ਦਾ ਹੁਨਰ ਵੀ ਆਉਂਦਾ ਏ ।
ਨਾ ਤੂੰ ਸ਼ਬਦ ਲੱਭਣ ਅਤੇ ਬੋਲਣ ਲਈ ,
ਵਕ਼ਤ ਗੁਆਇਆ ਕਰ ਅੜੀਏ ;
ਸਾਨੂੰ ਤੇਰੇ ਮਨ ਦੀ ਹਰ ਗੱਲ ਨੂੰ ਹੀ ,
ਪੜ੍ਹਨ ਦਾ ਹੁਨਰ ਵੀ ਆਉਂਦਾ ਏ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

## ਦਿਲ ਤੋੜਦੇ ਮੇਰਾ

1. ਕਈ ਮੇਰਾ ਦਿਲ ਤੋੜਦੇ
ਕਈ ਮੇਰੇ ਅੱਗੇ ਹੱਥ ਜੋੜਦੇ
ਕਈ ਕਰਦੇ ਬੜੀ ਇੱਜ਼ਤ ਮੇਰੀ
ਕਈ ਮੇਰੇ ਨਾਲ਼ੋਂ ਨਾਤਾ ਤੋੜਦੇ....
2. ਬਹੁਤ ਕੁਝ ਹੁੰਦਾ ਜ਼ਿੰਦਗੀ 'ਚ
ਚੰਗਾ ਵੀ ਤੇ ਮਾੜਾ ਵੀ
ਪਰ ਦੂਸਰਿਆਂ ਦੀ ਤਰੱਕੀ ਸਮੇਂ
ਕਿਉਂ ਰੱਖੀਏ ਮਨ ਵਿੱਚ ਸਾੜਾ ਜੀ ....?
3. ਨਾ ਹੋਣ ਉਮਰਾਂ ਦੇ ਰੋਗ
ਨਾ ਪੈਣ ਉਮਰਾਂ ਦੇ ਵਿਯੋਗ
ਕਿੱਸੇ ਬਹੁਤ ਨੇ ਹਰ ਜ਼ਿੰਦਗੀ ਦੇ ਇੱਥੇ
ਹਰ ਕੋਈ ਸ਼ਾਂਤੀ ਨਾਲ਼ ਇਹ ਜੀਵਨ ਲਏ ਭੋਗ....
4. ਸਭ ਦੀ ਜ਼ਿੰਦਗੀ 'ਚ
ਹੋਣ ਪਿਆਰ ਦੇ ਰੰਗ ,
ਨਫ਼ਰਤ ਨਾਲ਼ ਨਹੀਂ ,
ਪਿਆਰ ਨਾਲ਼
ਰਹੋ ਸਭ ਦੇ ਅੰਗ - ਸੰਗ.....
5. ਕੀ ਕਹਾਂ ?
ਕੀ ਸਹਾਂ ?
ਕੁਝ ਵੀ ਪਤਾ ਨਹੀਂ
ਕਿਵੇਂ ਉਸ ਵਾਝੋਂ ਰਹਾਂ ?
6. ਰੁੱਖਾਂ ਨਾਲ਼ ਹੈ ਪਿਆਰ
ਰੁੱਖਾਂ ਦਾ ਹਾਂ ਯਾਰ
ਰੁੱਖਾਂ ਤੋਂ ਬਿਨਾਂ
ਪੈਣੀ ਬੜੀ ਕੁਦਰਤ ਦੀ ਮਾਰ....
7. ਜ਼ਿੰਦਗੀ ਹੈ ਤਾਂ
ਹੱਸਦੇ ਰਹੋ ,
ਹਰ ਕਿਸੇ ਦੇ ਦਿਲ 'ਚ
ਮਿੱਤਰੋ ਵਸਦੇ ਰਹੋ.....
8. ਜਿਸਦੇ ਪੱਲੇ ਕੁਝ ਹੁੰਦਾ
ਦਿਖਾਵਾ ਵੀ ਉਹੀ ਕਰ ਸਕਦਾ ,
ਜਿਸ 'ਤੇ ਰੱਬ ਦੀ ਕਿਰਪਾ ਹੁੰਦੀ
ਉਹੀ ਚੰਗੇ ਰਾਹ 'ਤੇ ਪੈਰ ਧਰ ਸਕਦਾ....
9. ਚਾਹ ਦੇ ਦੀਵਾਨੇ ਹਾਂ
ਬੱਸ ! ਤੇਰੇ ਪਰਵਾਨੇ ਹਾਂ ,
ਕੋਕਾ - ਕੋਲਾ ਅਸੀਂ ਪੀਂਦੇ ਨੀਂ
ਤੇਰੇ ਬਿਨਾਂ ਜਿਉਂਦੇ ਨੀਂ....
10. ਰੱਬ ਚਾਹੇ ਤਾਂ
ਬੰਦਾ ਕਦੇ ਵੀ ਰਾਖ ਹੋ ਸਕਦਾ
ਬੰਦਾ ਚਾਹੇ ਤਾਂ
ਅਕਾਸ਼ ਵਿੱਚ ਵੀ ਸੁਰਾਖ ਹੋ ਸਕਦਾ...
11. ਮਨ ਕਹਿੰਦਾ ,
" ਕਿਧਰੇ ਤਾਂ ਮੈਨੂੰ ਲਗਾ ,
ਨਾ ਐਵੇਂ ਇੱਧਰ - ਉੱਧਰ
ਮੈਨੂੰ ਭਟਕਾ "....



**ਮਾਸਟਰ ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**
9478561356

## ਨਵਾਂ ਸਕੂਲ



ਇੱਕ ਨਵਾਂ ਸਕੂਲ ਚਲਾਇਆ ਜਾਏ
ਜਿਸ ਵਿੱਚ ਇਨਸਾਨੀਅਤ ਦਾ ਪਾਠ ਪੜਾਇਆ ਜਾਏ।
ਸਭ ਧਰਮ ਸਮਾਨ ਹਨ ਇਹ ਸਮਝਾਇਆ ਜਾਏ
ਸਭ ਲੋਕ ਬਰਾਬਰ ਹਨ ਇਹ ਦੱਸਿਆ ਜਾਏ
ਦਿਲ ਦੇ ਬਦਲੇ ਦਿਲ ਅਜਮਾਇਆ ਜਾਏ
ਕਰਮਾਂ ਦਾ ਫਲ ਮਿਲਦਾ ਹੈ ਸ਼ੀਸ਼ਾ ਦਿਖਾਇਆ ਜਾਏ
ਕਿਤਾਬੀ ਤਲੀਮ ਨਹੀਂ ਅਦਬ ਸਿਖਾਇਆ ਜਾਏ
ਮਾਤਾ ਪਿਤਾ ਹਨ ਭਗਵਾਨ ਮਨ ਮੰਦਰ ਬਣਾਇਆ ਜਾਏ
ਮੋਬਾਇਲ ਨੂੰ ਛੱਡ ਬੱਚਿਆਂ ਨੂੰ ਸ਼ਿਸ਼ਟਾਚਾਰ ਸਿਖਾਇਆ ਜਾਏ
ਇੱਕ ਦੂਜੇ ਦੀ ਮਦਦ ਕਰੋ ਪੜੋਸੀ ਧਰਮ ਸਿਖਾਇਆ ਜਾਏ
ਭਰਿਸ਼ਟਾਚਾਰ ਹੈ ਗੰਦਗੀ ਗਟਰ ਦਿਖਾਇਆ ਜਾਏ
ਆਪਣਾ ਕੰਮ ਖੁਦ ਕਰੋ ਇਹ ਸਬਕ ਸਿਖਾਇਆ ਜਾਏ
ਆਪਣੇ ਨੌਕਰਾਂ ਤੇ ਦਇਆ ਕਰੋ ਰੱਬ ਦਾ ਡਰ ਦਿਖਾਇਆ ਜਾਏ
ਇੱਕ ਨਵਾਂ ਸਕੂਲ ਚਲਾਇਆ ਜਾਏ
ਜਿਸ ਵਿੱਚ ਇਹ ਸਾਰਾ ਕੁਝ ਪੜਾਇਆ ਜਾਏ।

**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35904 5**
**ਰੋਹਤਕ ਹਰਿਆਣਾ**

## ਖ਼ਬਰ ਹੋ ਗਏ

ਤੇਰੇ ਸ਼ਹਿਰ ਦੇ ਅਖਬਾਰ ਦੇ ,
ਪਹਿਲੇ ਪੰਨੇ ਦੀ ਖ਼ਬਰ ਹੋ ਗਏ।
ਜਾ ਕੇ ਦੇਖ ਸਮਸ਼ਾਨ ਅੰਦਰ,
ਸੱਜਣਾ ਅਸੀ ਕਬਰ ਹੋ ਗਏ।
ਹੰਝੂ , ਹੌਕੇ ਤੇ ਦਰਦਾਂ ਨੇ ਸਤਾਇਆ,
ਕਿਸੇ ਵਿਧਵਾ ਦਾ ਹੁਣ ਸਬਰ ਹੋ ਗਏ।
ਚੁੱਪ ਤੇ ਸਾਂਤ ਰਹਿੰਦੇ ਹਾਂ ਹਮੇਸ਼ਾ ਹੀ,
ਤਾਲਾ ਲੱਗਿਆ ਘਰ ਹੋ ਗਏ।
ਦੁੱਖਾਂ ਦੀ ਦਾਸਤਾਂ ਪੇਸ਼ ਕਰਦਾ ਸਦੀਆਂ ਤੋਂ,
ਉਜੜਿਆ ਕੋਈ ਨਗਰ ਹੋ ਗਏ।
ਬਿਰਹੋ ਦੀ ਮਾਰ ਨੇ ਕੀਤਾ ਮਦਹੋਸ਼,
ਹੁਣ ਹਰ 'ਦਰਦੀ' ਦੇ ਮਗਰ ਹੋ ਗਏ।



**ਸ਼ਿਵਨਾਥ ਦਰਦੀ ਫ਼ਰੀਦਕੋਟ**
**ਸੰਪਰਕ:- 9855155392**

## ਹੋਲੀ

ਉੱਡਿਆ ਗੁਲਾਲ ਯਾਰੋ, ਫ਼ਿਜ਼ਾ ਮੁਸਕੁਰਾਈ ਹੈ,
ਪਿਆਰ ਦੀ ਰੁੱਤ ਅੱਜ, ਬਰੂਹਾਂ ਉੱਤੇ ਆਈ ਹੈ।
ਚੜ੍ਹਿਆ ਰੰਗ ਕੇਸਰੀ, ਤਿਆਗ ਤੇ ਇਬਾਦਤ ਦਾ,
ਸੂਰਜ ਦੀ ਕਿਰਨ ਕੋਈ ਜਿਉਂ ਅੰਬਰ ਤੇ ਛਾਈ ਹੈ।
ਨੀਲਾ ਰੰਗ ਅੰਬਰ ਦਾ, ਪਾਵੇ ਇਸ਼ਕ ਦੀ ਬਾਤ ਨੂੰ
ਸ਼ਾਂਤੀ ਦੀ ਲਹਿਰ ਅੱਜ, ਮਨ ਦੇ ਵਿੱਚ ਸਮਾਈ ਹੈ।
ਲਾਵੇ ਕੋਈ ਰੰਗ ਹਰਾ, ਪੀਲਾ ਜਾਂ ਫ਼ਿਰ ਗੁਲਾਬੀ,
ਦਿਲਾਂ ਦੀ ਦੂਰੀ ਯਾਰੋ ਅੱਜ ਰੰਗਾਂ ਨੇ ਮਿਟਾਈ ਹੈ।
ਹਵਾ ਵਿੱਚ ਘੁਲੀ ਯਾਰੋ ਮਹਿਕ ਸਾਰੀ ਫੁੱਲਾਂ ਦੀ,
ਖ਼ੁਸ਼ੀ ਦੀ ਮਹਿਕ ਅਨੋਖੀ ਕੁਦਰਤ ਨੇ ਖਿਡਾਈ ਹੈ।
ਤੇਰ ਮੇਰ ਕੀ ਕਰਨੀ ਯਾਰੋ, ਕੀ ਲਿਜਾਣਾ ਹੈ ਏਥੋਂ,
ਭੁਲਾ ਦਿਓ ਗਿੱਲੇ ਸ਼ਿਕਵੇ, ਜੋਂ ਵੀ ਤੁਹਾਡੀ ਲੜਾਈ ਹੈ।
ਕੁਦਰਤੀ ਰੰਗਾਂ ਨਾਲ ਖੇਡੀਏ, ਰੰਗਦਾਰ ਹੋਲੀ ਨੂੰ,
ਹੋਲੀ ਨੇ ਮਨਦੀਪ ਨੂੰ ਵੀ ਖੂਬ ਮਸਤੀ ਚੜਾਈ ਹੈ।



**ਮਨਦੀਪ ਗਿੱਲ ਧੜਾਕ**
9988111134

## ਜਨਮ ਦਿਨ ਮੁਬਾਰਕ



**ਸ਼ੁਭਮ**
**ਪਿਤਾ -ਰਾਮ ਬੋਧ**
**ਮਾਤਾ -ਸ੍ਰੀ ਦੇਵੀ**
**ਵਾਸੀ-ਲੁਧਿਆਣਾ ।**

# ਪਰਿਵਾਰ ਮਿਲਣੀ ਪ੍ਰੋਗਰਾਮ ਅਧੀਨ ਪ੍ਰਿੰਸੀਪਲ ਰੁਪਿੰਦਰ ਪਟਿਆਲ ਵੱਲੋਂ ਪਿੰਡਾਂ ਦਾ ਦੌਰਾ

**ਭੀਖੀ (ਕਮਲ ਜਿੰਦਲ)** ਸਥਾਨਕ ਸ਼੍ਰੀ ਤਾਰਾ ਚੰਦ ਵਿੱਦਿਆ ਮੰਦਿਰ ਸੀਨਿਅਰ ਸੈਕਡੰਰੀ ਸਕੂਲ ਦੇ ਪ੍ਰਿੰਸੀਪਲ ਰੁਪਿੰਦਰ ਪਟਿਆਲ ਵੱਲੋਂ ਸਕੂਲ ਦੇ "ਪਰਿਵਾਰ ਮਿਲਣੀ" ਪ੍ਰੋਗਰਾਮ ਅਧੀਨ ਨੇੜਲੇ ਪਿੰਡ ਫਰਵਾਹੀ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਵਿਦਿਆਰਥੀਆਂ ਦੇ ਘਰਾਂ ਵਿੱਚ ਜਾ ਕੇ ਮਾਪਿਆਂ ਨਾਲ ਸਿੱਧੀ ਮੁਲਾਕਾਤ ਕੀਤੀ ਅਤੇ ਬੱਚਿਆਂ ਦੀ ਪੜ੍ਹਾਈ, ਅਨੁਸ਼ਾਸਨ ਅਤੇ ਸਰਵਾਂਗੀਣ ਵਿਕਾਸ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਰਾਜੇਸ਼ ਕੁਮਾਰ ਅਤੇ ਜੂਨੀਅਰ ਵਿੰਗ ਪ੍ਰਿੰਸੀਪਲ ਸੰਗੀਤਾ ਸ਼ਰਮਾ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਪ੍ਰਿੰਸੀਪਲ



ਸਾਹਿਬ ਨੇ ਮਾਪਿਆਂ ਨੂੰ ਸਕੂਲ ਨੂੰ ਸੀ.ਬੀ.ਐਸ.ਸੀ ਵੱਲੋਂ ਮਾਨਤਾ ਮਿਲਣ ਤੇ ਵਧਾਈ ਦਿੰਦਿਆਂ ਹੋਇਆਂ ਸਕੂਲ ਦੀਆਂ ਸ਼ਿਖਿਆਤਮਕ ਗਤੀਵਿਧੀਆਂ, ਨਵੇਂ ਉਪਰਾਲਿਆਂ ਅਤੇ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਬੱਚਿਆਂ ਦੀ ਪੜ੍ਹਾਈ ਵਿੱਚ ਘਰੋਂ ਪੂਰਾ ਸਹਿਯੋਗ ਦਿੱਤਾ ਜਾਵੇ ਤਾਂ ਜੋ ਬੱਚੇ ਚੰਗੇ ਨਤੀਜੇ ਹਾਸਲ ਕਰ ਸਕਣ। ਮਾਪਿਆਂ ਨੇ ਵੀ ਇਸ ਉਪਰਾ-ਲੇ ਦੀ ਭਰਪੂਰ ਸਰਾਹਨਾ ਕੀਤੀ ਅਤੇ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਇਸ ਤਰ੍ਹਾਂ ਦੇ ਦੌਰਿਆਂ ਨਾਲ ਸਕੂਲ ਅਤੇ ਪਰਿਵਾਰ ਵਿਚਕਾਰ ਸੰਬੰਧ ਹੋਰ ਮਜ਼ਬੂਤ ਹੁੰਦੇ ਹਨ ਅਤੇ ਬੱਚਿਆਂ ਦੀ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਜਾਂਦੀ ਹੈ।

# ਹੋਲੇ ਮਹੱਲੇ ਮੌਕੇ ਜ਼ਿਲਾਂ ਰੂਪਨਗਰ ਪ੍ਰਸ਼ਾਸਨ ਵਲੋਂ ਟ੍ਰੈਫਿਕ ਡਾਵਰਜ਼ਨ ਰੂਟ ਤਬਦੀਲ

- ਉਨ੍ਹਾਂ ਧਰਮਸ਼ਾਲਾ ਤੋਂ ਚੰਡੀਗੜ੍ਹ ਜਾਉਣ ਵਾਲੇ ਬਾਇਆ ਨੂਰਪੁਰ ਬੇਦੀ ਰੂਪਨਗਰ ਹੋਕੇ ਜਾਣ
- ਕੂੱਲੂ ਮਨਾਲੀ ਤੋਂ ਚੰਡੀਗੜ੍ਹ ਜਾਉਣ ਵਾਲੇ ਯਾਤਰੀ ਨਾਲਾਗੜ੍ਹ ਬੱਦੀ ਚੰਡੀਗੜ੍ਹ ਹੋ ਕੇ ਜਾਣ

**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ )** ਹੋਲੇ ਮਹੱਲੇ ਮੌਕੇ ਜਿੱਥੇ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਨਤਮ-ਸਤਕ ਹੋਣ ਲਈ ਇਤਿਹ-ਾਸਿਕ ਧਰਤੀ ਸ੍ਰੀ ਕੀਰਤਪੁਰ ਸਾਹਿਬ ਅਤੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਉਂਦੀਆਂ ਹਨ ਜਿਨਾਂ ਕਾਰਨ ਆਪਣੇ ਨਿਜੀ ਵਾਹਨਾਂ ਅਤੇ ਟਰੈਕਟਰ ਟਰਾਲੀਆਂ ਦੀ ਗਿਣਤੀ ਵੱਧ ਹੋਣ ਕਾਰਨ ਸ਼੍ਰੀ ਕੀਰਤੀਪਰ ਸਾਹਿਬ ਅਤੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਜਾਮ ਦੀ ਸਥਿਤੀ ਬਣ ਜਾਂਦੀ ਹੈ ਜਿਸ ਕਾਰਨ ਚੰਡੀਗੜ੍ਹ ਤੋਂ ਊਨਾ ਧਰਮਸ਼ਾਲਾ ਹਿਮਾਚਲ ਜਾਣ ਵਾਲਿਆਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ




ਜਿਸ ਕਾਰਨ ਪੰਜਾਬ ਪੁਲਿਸ ਦੀ ਟ੍ਰੈਫਿਕ ਪੁਲਿਸ ਵਲੋਂ ਐਡਵਾਈਜ਼ਰੀ ਜਾਰੀ ਕਰਦੇ ਹੋਏ ਸੈਲਾਨੀ ਚੰਡੀਗੜ੍ਹ ਤੋਂ ਰੋਪੜ੍ਹ ਨੂਰਪੁਰ ਬੇਦੀ ਝੱਜ ਚੌਂਕ ਹੋ ਕੇ ਨੰਗਲ ਜਾ ਸਕਦੇ ਹਨ ਅਤੇ ਇਸੇ ਤਰ੍ਹਾਂ ਹੀ ਚੰਡੀਗੜ੍ਹ ਤੋਂ ਕੁੱਲੂ ਮਨਾਲੀ ਜਾਣ ਵਾਲੀ ਸੰਗਤ ਬਾਇਆ ਕੀਰਤਪੁਰ ਸਾਹਿਬ ਨਾ ਹੋ ਕੇ ਜਾਵੇ ਇਹ ਯਾਤਰੀ ਚੰਡੀਗੜ੍ਹ ਬੱਦੀ ਨਾਲਾਗੜ੍ਹ ਹਾਈਵੇ ਤੋਂ ਹੁੰਦੇ ਹੋਏ ਕੁੱਲੂ ਮਨਾਲੀ ਵੱਲ ਆਸਾਨੀ ਨਾਲ ਜਾ ਸਕਦੇ ਹਨ ਇਹ ਐਡਵਾਈਜ਼ਰੀ ਜਿਲ੍ਹਾਂ ਰੂਪਨਗਰ ਦੇ ਪ੍ਰਸ਼ਾਸਨ ਵੱਲੋਂ 5 ਮਾਰਚ ਤੱਕ ਲਾਗੂ ਕੀਤੀ ਜਾਂਦੀ ਹੈ।

# ਕੇਸੀ ਕਾਲਜ ਦੇ ਵਿਦਿਆਰਥੀਆਂ ਨੂੰ ਮੈਨੇਜਮੈਂਟ ਨੇ ਬੰਬੂਕਾਟ-2 ਮੂਵੀ ਦਿਖਾਈ

**ਫਿਲਮ ਵਿਦਿਆਰਥੀਂ ਨੂੰ ਵਾਰ-ਵਾਰ ਕੋਸ਼ਿਸ਼ ਕਰਨ ਅਤੇ ਵਾਰ-ਵਾਰ ਦੀਆਂ ਅਸਫਲਤਾਵਾਂ ਤੋਂ ਬਾਅਦ ਸਫਲ ਹੋਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ - ਡਾ. ਅਵਤਾਰ ਚੰਦ ਰਾਣਾ**

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਕੇਸੀ ਗਰੁੱਪ ਆੱਫ਼ ਇੰਸਟੀਚਿਊਸ਼ਨਜ਼ ਦੇ ਲਗਭਗ 50 ਵਿਦਿਆਰਥੀਆਂ ਨੂੰ ਚੰਡੀਗੜ੍ਹ ਰੋਡ 'ਤੇ ਸਤਲੁਜ ਸਿਨੇਮਾ ਵਿਖੇ ਮੈਨੇਜਮੈਂਟ ਕਮੇਟੀ ਵੱਲੋਂ ਨਵੀਂ ਰਿਲੀਜ਼ ਹੋਈ ਪੰਜਾਬੀ ਫਿਲਮ ਬੰਬੂਕਾਟ-2 ਦਿਖਾਈ ਗਈ। ਇਨ੍ਹਾਂ ਵਿਦਿਆਰਥੀਆਂ ਨੂੰ ਕੈਂਪਸ ਡਾਇਰੈਕਟਰ ਡਾ. ਅਵਤਾਰ ਚੰਦ ਰਾਣਾ ਨੇ ਕਾਲਜ ਤੋਂ ਵਿਦਾ ਕੀਤਾ, ਉਨ੍ਹਾਂ ਦੇ ਨਾਲ ਮੈਨੇਜਮੈਂਟ ਕਾਲਜ ਇੰਚਾਰਜ ਪ੍ਰਭਜੋਤ ਕੌਰ ਅਤੇ ਐਮਟੀਓ ਨੀਰਜ ਸ਼ਰਮਾ ਵੀ ਸਨ। ਇਨ੍ਹਾਂ ਵਿਦਿਆਰਥੀਆਂ ਦੇ ਨਾਲ ਐਸਏਓ ਇੰਜ. ਆਰਕੇ ਮੂੰਮ, ਮੈਡਮ ਵਰਸ਼ਾ, ਗੁਰਦੀਪ ਕੌਰ ਅਤੇ ਵਿਪਨ ਕੁਮਾਰ ਵੀ ਗਏ। ਡਾ. ਅਵਤਾਰ ਚੰਦ ਰਾਣਾ ਨੇ ਦੱਸਿਆ ਕਿ ਇੰਜੀਨੀਅਰਿੰਗ ਵਿਭਾਗ ਅਤੇ ਮੈਨੇਜਮੈਂਟ






ਕਾਲਜ ਦੇ ਵਿਦਿਆਰਥੀਆਂ ਨੇ ਇਸ ਫਿਲਮ ਤੋਂ ਸਿੱਖਿਆ ਹੈ ਕਿ ਵਾਰ-ਵਾਰ ਅਸਫਲਤਾਵਾਂ ਤੋਂ ਬਾਅਦ ਵੀ ਹਾਰ ਨਹੀਂ ਮੰਨਣੀ ਚਾਹੀਦੀ, ਅਤੇ ਇਹ ਦ੍ਰਿੜਤਾ ਨਾਲ ਸਿਰਫ਼ ਸਫਲਤਾ ਵੱਲ ਲੈ ਜਾਂਦੀ ਹੈ, ਸਗੋਂ ਪੂਰੀ ਦੁਨੀਆ ਉਨ੍ਹਾਂ ਨੂੰ ਸਫਲ ਹੋਣ 'ਤੇ ਸਲਾਮ ਵੀ ਕਰਦੀ ਹੈ। ਇਹ ਹਾਸੋਹੀਣੀ ਅਤੇ ਭਾਵਨਾਤਮਕ ਤੌਰ 'ਤੇ ਭਰੀ ਫਿਲਮ ਵਾਰ-ਵਾਰ ਸਾਡੇ 'ਚ ਸਵੈ-ਵਿਸ਼ਵਾਸ ਅਤੇ ਸਵੈ-ਨਿਰਭਰਤਾ ਪੈਦਾ ਕਰਦੀ ਹੈ ਅਤੇ ਸਾਨੂੰ ਰਿਸ਼ਤਿਆਂ ਦੀ ਕਦਰ ਕਰਨ ਲਈ ਪ੍ਰੇਰਿਤ ਕਰਦੀ ਹੈ।

# ਪੰਜਾਬੀ ਸਾਹਿਤ ਸਭਾ ਧੂਰੀ ਵੱਲੋਂ"ਇੱਕ ਸਦੀ ਦੀ ਮੌਤ" ਨਾਵਲ ਲੋਕ ਅਰਪਣ ਅੱਜ

**ਧੂਰੀ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ਦਾ ਮਹੀਨਾਵਾਰ ਸਾਹਿਤਕ ਸਮਾਗਮ ਹਰ ਵਾਰੀ ਦੀ ਤਰ੍ਹਾਂ ਪਹਿਲੇ ਐਤਵਾਰ 01 ਮਾਰਚ 2026 ਨੂੰ ਡਾ.ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਵਿਖੇ ਸਵੇਰੇ 10 ਵਜੇ ਕੀਤਾ ਜਾ ਰਿਹਾ ਹੈ , ਜਿਸ ਵਿੱਚ ਸਭਾ ਦੇ ਸਰਪ੍ਰਸਤ ਜਗਦੇਵ ਸ਼ਰਮਾ ਬੁਗਰਾ ਦਾ ਪਲੇਠਾ ਨਾਵਲ " ਇੱਕ ਸਦੀ ਦੀ ਮੌਤ " ਦੀ ਘੁੰਡ ਚੁਕਾਈ ਕੀਤੀ ਜਾਵੇਗੀ । ਨਾਵਲ ਬਾਰੇ ਸੰਖੇਪ ਜਾਣਕਾਰੀ ਪ੍ਰਿੰਸੀਪਲ




ਸੁਖਜੀਤ ਕੌਰ ਸੋਹੀ ਪੇਸ਼ ਕਰਨਗੇ ਕਿਉਂਕਿ ਇਸ ਦੇ ਖਰੜੇ ਉੱਪਰ ਗੋਸ਼ਟੀ ਪਹਿਲਾਂ ਕਰਵਾਈ ਜਾ ਚੁੱਕੀ ਹੈ । ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ , ਜਨਰਲ ਸਕੱਤਰ ਚਰਨਜੀਤ ਸਿੰਘ ਮੀਮਸਾ ਅਤੇ ਵਿੱਤ ਸਕੱਤਰ ਗੁਰਮੀਤ ਸਿੰਘ ਸੋਹੀ ਨੇ ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤੋਂ ਇਲਾਵਾ ਜਨਵਰੀ ਮਹੀਨੇ ਤੋਂ ਸ਼ੁਰੂ ਕੀਤੇ ਕਵਿਤਾ ਸਕੂਲ ਦਾ ਅਗਲਾ ਪਾਠ , ਮਾਰਚ ਮਹੀਨੇ ਵਿੱਚ ਜਨਮੇਂ ਮੈਂਬਰਾਂ ਦਾ ਸਨਮਾਨ ਅਤੇ ਹਾਜ਼ਰ ਕਵੀਆਂ ਵੱਲੋਂ ਮਾਤ ਭਾਸ਼ਾ ਦਿਵਸ ਅਤੇ ਨਾਰੀ ਦਿਵਸ ਨੂੰ ਸਮਰਪਿਤ ਆਪਣੀਆਂ ਸੱਜਰੀਆਂ ਅਤੇ ਚੋਣਵੀਆਂ ਰਚਨਾਵਾਂ ਵੀ ਪੇਸ਼ ਕੀਤੀਆਂ ਜਾਣਗੀਆਂ।

# ਰਾਹੋਂ ਵਿਖੇ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਲਈ ਜਗ੍ਹਾ ਦਿੱਤੀ ਜਾਵੇ - ਸਿਮਰਨਜੋਤ ਭਾਰਤੀ



**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਜੋਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ ਰਾਹੋਂ ਦੀ ਡਾਕੂਮੈਂਟੇਸ਼ਨ ਅਫ਼ਸਰ ਕੁਮਾਰੀ ਸਿਮਰਨਜੋਤ ਭਾਰਤੀ ਨੇ ਦੱਸਿਆ ਕਿ ਪੰਜਾਬ ਰਾਜ ਦੇ ਸਮੁੱਚੇ ਜ਼ਿਲ੍ਹਿਆਂ ਵਿੱਚ 15ਵੇਂ ਵਿੱਤ ਕਮਿਸ਼ਨ ਅਧੀਨ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਬਣਾਏ ਜਾਣ ਦਾ ਪ੍ਰੋਗਰਾਮ ਹੈ। ਇਸ ਪ੍ਰੋਗਰਾਮ ਅਨੁਸਾਰ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਦੇ ਪੱਤਰ ਨੰ ਪਲਾਨਿੰਗ/2026/28 ਮਿਤੀ 02/02/2026 ਅਨੁਸਾਰ ਨਗਰ ਕੌਂਸਲ ਰਾਹੋਂ ਦੀ ਹਦੂਦ ਅੰਦਰ 6400 ਸੁਕੇਅਰ ਫੁੱਟ ਜਗ੍ਹਾ ਸਿਹਤ ਵਿਭਾਗ ਨੂੰ ਦਿੱਤੀ ਜਾਣੀ ਹੈ। ਉਨ੍ਹਾਂ ਕਿਹਾ ਕਿ ਇਸ ਹੈਲਥ ਸੈਂਟਰ ਲਈ ਸੁਵਿਧਾ ਕੇਂਦਰ ਰਾਹੋਂ ਨਾਲ ਲੱਗਦੀ ਖਾਲੀ ਜਗ੍ਹਾ ਢੁੱਕਵੀਂ ਰਹੇਗੀ। ਸਿਮਰਨਜੋਤ ਭਾਰਤੀ ਨੇ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਰਾਹੋਂ ਨੂੰ ਪੱਤਰ ਲਿਖ ਕੇ ਜਲਦੀ ਤੋਂ ਜਲਦੀ ਹਾਊਸ ਦੀ ਮੀਟਿੰਗ ਬੁਲਾ ਕੇ ਇਸ ਸਬੰਧੀ ਮਤਾ ਪਾਸ ਕਰਨ ਅਤੇ ਸਿਹਤ ਵਿਭਾਗ ਨੂੰ ਇਹ ਜਗ੍ਹਾ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਬਣਾਉਣ ਲਈ ਦਿੱਤੀ ਜਾਣ ਦੀ ਪੁਰਜ਼ੋਰ ਮੰਗ ਵੀ ਕੀਤੀ ਹੈ ਮੰਗ ਕੀਤੀ ਹੈ ਤਾਂ ਜੋ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਾਪਤ ਹੋ ਸਕਣ।

# ਬਹੁਜਨ ਸਮਾਜ ਪਾਰਟੀ ਵੱਲੋਂ ਸ਼ਮਸ਼ਾਦ ਅੰਸਾਰੀ ਮਲੇਰਕੋਟਲਾ ਨੂੰ ਬਹੁਜਨ ਸਮਾਜ ਪਾਰਟੀ ਦਾ ਸੂਬਾ ਜਨਰਲ ਸਕੱਤਰ ਪੰਜਾਬ ਨਿਯੁਕਤ ਕੀਤਾ





**ਮਲੇਰਕੋਟਲਾ( ਚਰਨਜੀਤ ਸੱਲ੍ਹਾਂ )** ਭੈਣ ਕੁਮਾਰੀ ਮਾਇਆਵਤੀ ਜੀ ਦੇ ਨਿਰਦੇਸ਼ਾਂ ਅਨੁਸਾਰ ਕੇਂਦਰੀ ਇੰਚਾਰਜ ਸ੍ਰੀ ਪ੍ਰਤਾਪ ਸਿੰਘ ਜੀ ਅਤੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਸ਼ਮਸ਼ਾਦ ਅੰਸਾਰੀ ਮਲੇਰ ਕੋਟਲਾ ਨੂੰ ਸੂਬਾ ਜਨਰਲ ਸਕੱਤਰ ਨਿਯੁਕਤ ਕੀਤਾ ਸ਼ਮਸ਼ਾਦ ਅੰਸਾਰੀ ਜੀ ਪਾਰਟੀ ਵਿੱਚ ਲੰਮੇ ਸਮੇਂ ਤੋਂ ਕੰਮ ਕਰਦੇ ਆ ਰਹੇ ਹਨ ਵੱਖ-ਵੱਖ ਅਹੁਦਿਆਂ ਤੇ ਪਹਿਲਾਂ ਵੀ ਕੰਮ ਕਰ ਚੁੱਕੇ ਹਨ ਸ਼ਮਸ਼ਾਦ ਅਨਸਾਰੀ ਜੀ ਬਸਪਾ ਦੇ ਵਫਾਦਾਰ ਅਤੇ ਇਮਾਨਦਾਰ ਸਿਪਾਹੀ ਹਨ ਸ਼ਮਸ਼ਾਦ ਅੰਸਾਰੀ ਨੇ ਬਸਪਾ ਹਾਈ ਕਮਾਂਡ ਦਾ ਜਿੱਥੇ ਧੰਨਵਾਦ ਕੀਤਾ ਉਥੇ ਭਰੋਸਾ ਵੀ ਦਵਾਇਆ ਕਿ ਜੋ ਜਿੰਮੇਵਾਰੀ ਮੈਨੂੰ ਦਿੱਤੀ ਗਈ ਹੈ ਮੈਂ ਉਸ ਤੇ ਪੂਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗਾ ਇਸ ਮੌਕੇ ਇਸ ਮੌਕੇ ਜਗਤਾਰ ਸਿੰਘ ਨਾਗਰੀ ਕੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਹਲਕਾ ਪ੍ਰਧਾਨ ਅਮਰਗੜ੍ਹ ਰਾਜਿੰਦਰ ਸਿੰਘ ਮਨਵੀ ਨਛੱਤਰ ਸਿੰਘ ਸ਼ਹਿਰੀਂ ਪ੍ਰਧਾਨ ਹਰਦੀਪ ਸਿੰਘ ਧਿਰੋਮਾਜਰਾ ਗੁਰਮੀਤ ਸਿੰਘ ਬਡਲਾ ਅੰਜਮ ਪਰਵੇਸ ਓਮ ਪ੍ਰਕਾਸ਼ ਸਰੋਏ ਹਲਕਾ ਪ੍ਰਧਾਨ ਮਾਲੇਰਕੋਟਲਾ ਮੁਹੰਮਦ ਹਨੀਫ ਮੁਹੰਮਦ ਯਾਮੀਨ ਮੁਹੰਮਦ ਨਜ਼ੀਰ ਜਮਾਲਪੁਰ ਅੱਲਾ ਰੱਖਾਂ ਮੁਹੰਮਦ ਇਕਬਾਲ ਅਰਸ਼ਦ ਚੋਧਰੀ ਖੁਰਸ਼ੀਦ ਅਹਿਮਦ ਹਰਪਾਲ ਸਿੰਘ ਇਮਾਮਗੜ ਸੁਖਦੇਵ ਸਿੰਘ ਫੌਜੀ ਜਿੱਤਵਾਲ ਰੋਸ਼ਨ ਸਿੰਘ ਦਸੌਂਧਾ ਸਿੰਘ ਵਾਲਾ ਪਰਮਜੀਤ ਸਿੰਘ ਸੰਦੌੜ ਸੌਦਾਗਰ ਸਿੰਘ ਸੰਦੌੜ ਮਾਸਟਰ ਬੰਤ ਸਿੰਘ ਬਿਸ਼ਨਗੜ੍ਹ ਬੂਟਾ ਸਿੰਘ ਬਿਸ਼ਨਗੜ੍ਹ ਸੁਖਦੇਵ ਸਿੰਘ ਮਾਨਕੀ ਜੀਵਨ ਸਿੰਘ ਅਹਿਮਦਗੜ ਕੈਪਟਨ ਬੂਟਾ ਸਿੰਘ ਅਹਿਮਦਗੜ੍ਹ ਮੁਹੰਮਦ ਰਮਜਾਨ ਅਹਿਮਦਗੜ੍ਹ ਸਿਕੰਦਰ ਸਿੰਘ ਝਨੇਰ ਕੁਲਵਿੰਦਰ ਸਿੰਘ ਸ਼ਰਮਾਣੀ ਕੋਟ ਭੀਮ ਹੁਸੈਨ ਹਥਨ ਹਰਬੰਸ ਸਿੰਘ ਮਦੇਵੀ ਬਹਾਦਰ ਸਿੰਘ ਬੀੜ ਇਮਾਮਗੜ੍ਹ ਹਰ ਬੰਸ ਸਿੰਘ ਧਨੋ ਧੀਰਾ ਸਿੰਘ ਮਾਨਕਵਾਲ ਕਰਨੈਲ ਸਿੰਘ ਧਲੇਰ ਬਚਿੱਤਰ ਸਿੰਘ ਮਹਿੰਦਰ ਸਿੰਘ ਨੱਥੋਹੇੜੀ ਫਰਾਜ ਅਹਿਮਦ ਮਿਲਖਰੋੜ ਇਮਤਿਆਜ ਸੰਨਿਆਸੀ ਮੁਹੰਮਦ ਇਮਤਿਆਜ ਅੰਸਾਰੀ ਸੋਦਾਗਰ ਸਿੰਘ ਦਰਸ਼ਨ ਸਿੰਘ ਚੋਹਾਨੇ ਨਛੱਤਰ ਸਿੰਘ ਟਾਇਗਰ ਕਾਸਾ ਪੁਰ ਗੁਰਜੀਤ ਸਿੰਘ ਭੋਲਾ ਸਿੰਘ ਭੂੰਦਨ ਚੀਮਾ ਜੀ ਨੇ ਜਿੱਥੇ ਸ਼ਮਸ਼ਾਦ ਅੰਸਾਰੀ ਨੂੰ ਵਧਾਈਆਂ ਦਿੱਤੀਆਂ ਉੱਥੇ ਹੀ ਬਹੁਜਨ ਸਮਾਜ ਪਾਰਟੀ ਦੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ ਖੁਸ਼ਬੂ ਜੀ ਨੇ ਵੀ ਸਪੈਸ਼ਲ ਕੀਤਾ ਧੰਨਵਾਦ।

# ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਸਬੰਧੀ ਮੀਟਿੰਗ ਬਹਿਰਾਮ ਵਿਖੇ ਹੋਈ - ਗੁਰਦਿਆਲ ਬੋਧ , ਪ੍ਰਵੀਨ ਬੰਗਾ





**ਬੰਗਾ ( ਚਰਨਜੀਤ ਸੱਲ੍ਹਾਂ )** ਅੱਜ ਬਹਿਰਾਮ ਵਿਖੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਸਬੰਧੀ ਮੀਟਿੰਗ ਕੀਤੀ ਗਈ ਜਿਸ ਵਿੱਚ ਪ੍ਰਵੀਨ ਬੰਗਾ ਨੇ ਲੋਕਾਂ ਨੂੰ ਇਹ ਦੱਸਿਆ ਗਿਆ ਕਿ ਅਸੀਂ ਬਹੁਤ ਭਾਗਾਂ ਵਾਲੇ ਕਿਉਂਕਿ ਸ਼ਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ 15 ਮਾਰਚ ਨੂੰ ਬਹਿਰਾਮ ਦੀ ਦਾਣਾ ਮੰਡੀ ਵਿੱਚ ਮਨਾਇਆ ਜਾਵੇਗਾ ਜਿਸ ਦੀਆਂ ਤਿਆਰੀਆਂ ਸਾਨੂੰ ਹੁਣ ਤੋਂ ਹੀ ਕਰਨੀਆਂ ਚਾਹੀਦੀਆਂ ਹਨ ਤਾਂ ਕਿ 2027 ਵਿੱਚ ਬਹੁਜਨ ਸਮਾਜ ਪਾਰਟੀ ਪੰਜਾਬ ਵਿੱਚ ਵੀ ਉਤੱਰ ਪ੍ਰਦੇਸ਼ ਵਾਂਗ ਕੁਝ ਨਾ ਕੁਝ ਕਰ ਕੇ ਦਿਖਾਵੇ। ਇਸ ਲਈ ਤੁਹਾਨੂੰ ਸਾਰਿਆਂ ਨੂੰ ਇਹ ਸੁਨੇਹਾ ਲਾਉਂਣ ਲਈ ਆਇਆ ਹਾਂ ਕਿ ਆਪਣੇ ਰਿਸ਼ਤੇਦਾਰਾਂ ਸਾਕ ਸਬੰਧੀਆਂ ਨੂੰ ਵੀ 15 ਮਾਰਚ ਨੂੰ ਬਹਿਰਾਮ ਦੀ ਦਾਣਾ ਮੰਡੀ ਵਿੱਚ ਬੁਲਾਵੋ ਕਿਉਂਕਿ ਕਿ ਉਸ ਰਹਿਬਰ ਨੇ ਸਾਡੇ ਲਈ ਸਭ ਸੁਖ ਤਿਆਗ ਕੇ ਆਪਣਾ ਸਾਰਾ ਜੀਵਨ ਸਾਡੇ ਲੇਖੇ ਲਾ ਗਏ ਹਨ। ਗੁਰਦਿਆਲ ਬੋਧ ਨੇ ਦੱਸਿਆ ਕਿ ਇਸ ਦਿਨ ਸੱਤਾਂ ਪ੍ਰਾਪਤ ਕਰੋਂ ਰੈਲੀ ਵਿੱਚ ਪਹੁੰਚਣਾ ਬਹਿਰਾਮ ਦੀ ਸੰਗਤਾਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੋਵੇਗੀ ਕਿਉਂਕਿ ਸਾਰੇ ਪੰਜਾਬ ਦੀਆਂ ਸੰਗਤਾਂ ਬਹਿਰਾਮ ਦੀ ਦਾਣਾ ਮੰਡੀ ਵਿੱਚ ਆ ਰਹੀਆਂ ਹਨ। ਇਸ ਮੌਕੇ ਪਰਮਜੀਤ ਕੌਰ ਲੇਡੀਜ਼ ਵਿੰਗ ਦੀ ਆਗੂ, ਕੁਲਦੀਪ ਬਹਿਰਾਮ ਯੂਥ ਆਗੂ, ਦਰਸ਼ਨ ਬਹਿਰਾਮ, ਤੀਰਥ ਕਲਸੀ ਬਹਿਰਾਮ, ਬਹਾਦਰ ਸਿੰਘ ਅਤੇ ਬਹੁਤ ਸਾਰੇ ਬਸਪਾ ਦੇ ਵਰਕਰ ਹਾਜ਼ਰ ਸਨ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

ਰੋਗ ਕਿਸੇ ਵੀ ਤਰ੍ਹਾਂ ਦਾ ਹੋਵੇ ਜਾਂ ਰੋਗ ਦੀ ਸ਼ੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਬਿਨ੍ਹਾਂ ਨਾ ਕਰੋ ਆਪਣੀ ਮਾਨਸਿਕ ਜਾਂ ਸਰੀਰਕ ਪ੍ਰੇਸ਼ਾਨੀ ਬਾਬਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਚੀਚ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿੱਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖ਼ੂਨੀ ਜਾਂ ਬਾਦੀ, ਮਹੁਕੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਮਜ਼ੋਰ, ਅੱਖਾਂ ਵਿੱਚ ਪਾਣੀ ਵਗਣਾ, ਥੱਕ ਦੇਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁੱਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫ਼ੇਦ ਹੋ ਜਾਣਾ, ਗੰਜ, ਸਿਕਰੀ ਜਾਂ ਗੰਜਾਪਨ (Alopecia), ਚੇਹਰੇ ਤੇ ਕਿੱਲ (Acne), ਛਿਲਕੀ, ਛਾਈਆਂ (Pigmentation), ਝੁਰੜੀਆਂ ਅਤੇ ਛਾਈਆਂ, ਦੰਦਾਂ ਦਾ ਦਰਦ, ਮਸੂੜ੍ਹਿਆਂ ਵਿੱਚੋਂ ਖ਼ੂਨ ਅਤੇ ਪੀਕ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜ਼ਾਂ ਗੂੰਜਣੀਆਂ (Tinnitis) ਜਾਂ ਬੋਲਾਪਨ, ਮੂਤਰ ਬੀਮਾਰੀਆਂ, ਮਸਾਨੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖ਼ੂਨ ਆਉਣਾ, ਗੁਰਦੇ ਵਿੱਚ ਪੱਥਰੀ, ਚੱਕਰ (Vertigo), ਘਬਰਾ-ਨੀਂਦ, ਖ਼ੂਨ ਦੀ ਕਮੀ (Anaemia), ਛਾਤ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਰਾਸ਼ਤਾ ਅਤੇ ਉਦਾਸੀ (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖ਼ਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA, ਖ਼ੂਨ ਦੇ ਘੱਟ ਸੈੱਲਾਂ, ਸਰਜੀਕਲ ਅਪ੍ਰੇਸ਼ਨ ਜਾਂ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਨਾਅ, ਥਕਾਵਟ, ਉਣੀਂਦਾ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖਾ- -------- 1 ਮਹੀਨੇ ਦੀ ਕੀਮਤ £35
2) ਰੁਕਾਵਟ ਦਾ ਸੁਨਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ £35
3) ਧਾਤ ਲਈ (ਵੀਰਜ ਨੂੰ ਗਾੜ੍ਹਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ £40
4) ਲੰਮੇ ਸਮੇਂ ਤੋਂ ਰੋਗ ਰਹੀ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ £35
5) ਗ਼ਲਤਕਾਰੀਆਂ ਕਾਰਨ ਲਿੰਗ ਕਮਜ਼ੋਰ, ਠੰਢਾ, ਟੇਢਾ ਅਤੇ ਛੋਟਾ- -------- 1 ਮਹੀਨੇ ਦੀ ਕੀਮਤ £35
6) ਨਸ਼ਿਆਂ ਕਾਰਨ ਸਰੀਰਕ ਕੋਲੈਸਟ੍ਰੋਲ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ £30
7) ਸ਼ੂਗਰ ਰੋਗ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ £25
8) ਸਰੀਰਕ ਅਤੇ ਲਿੰਗ ਦੀਆਂ ਨਸਾਂ ਦੀ ਕਮਜ਼ੋਰੀ ਲਈ ਤੇਲ- -------- 1 ਮਹੀਨੇ ਦੀ ਕੀਮਤ £25

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਸ਼ੁਕਰਾਣੂਆਂ ਦੀ ਕਮੀ (AZOOSPERMIA), ਘਟੋਂ ਵੀਰਜ ਨਿਕਲੇ ਸਮਰਥ ਕਮਜ਼ੋਰ, ਸ਼ਕਤੀਹੀਨ ਹੋਣ ਜਾਂ ਸਮਰਥ ਇਕਦਮ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪਿਸ਼ਾਬ ਆਉਣ ਅਤੇ ਕਰਦੇ ਸਮੇਂ ਜਲਣ, ਪ੍ਰਾਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਰੋਗੀ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਰੋਗੀ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਲਿੰਗ ਉੱਤੇ ਜ਼ਖ਼ਮ ਹਰਕ, SPERMATIC ਡੋਰੀ ਦੀਆਂ ਨਸਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਲਟਕਣਾ ਵਗੈਰਾ ਵਗੈਰਾ ਬੀਮਾਰੀਆਂ ਦਾ ਇਲਾਜ ਵੀ ਅਸੀਂ ਤਸੱਲੀਬਖ਼ਸ਼ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS') ਪੰਜਾਬੀ ਪੁਸਤਿਕਾ ਵਿਚ ਪੂਰੀ INFORMATION, ਨਾਲ ---- 1 ਮਹੀਨੇ ਦੀ ਕੀਮਤ:

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾਂ (PIGMENTATION WHITE SPOTS) ਦਾ ਕੁਦਰਤੀ ਸਫ਼ਾਇਆ ਕਰਦੀ ਹੈ - ਇਕ ਮਹੀਨੇ ਦੀ ਕੀਮਤ -- £69

ਨੁਸਖਾ ਨੰਬਰ 2 (IN CAPSULES OR IN PEARLS) : ਛਾਤੀਆਂ ਦੀ ਫਿਲਾਇਲ ਅਤੇ ਗ੍ਰੋਥ ਵਧਾਉਣ ਕਾਰਣ ਔਰਤਾਂ ਦੀਆਂ ਢਿੱਲੀਆਂ ਛੋਟੀਆਂ ਛਾਤੀਆਂ ਨੂੰ ਸਡੌਲ ਕਰਕੇ ਸਹੀ PROPER SHAPE ਦਿੰਦੀ ਹੈ - £89

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਫੁਰਤੀ ਅਤੇ ਕੁਦਰਤੀ ਪਾਉਂਦੀ ਹੈ। ------------------ £69

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਭਾਰਦਾ ਕਰਦੀ ਹੈ - £69

ਨੁਸਖਾ ਨੰਬਰ 5 (IN CAPSULES) : ਔਰਤਾਂ ਵਿਚ ਘਟੀ ਹੋਈ ਕਾਮ-ਵਾਸ਼ਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ। A REAL MAGIC ਹਰ ਔਰਤ ਲਈ- £69

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖੁਸ਼ਕੀ ਅਤੇ ਜਲਣ ਕਾਰਨ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸ਼ਨਾ 'ਚ ਵਾਧਾ ਕਰਕੇ ਕੁਦਰਤੀ ਅਨੰਦ ਦੁਆਉਂਦੀ ਹੈ VAGINAL LUBRICATION GEL / (MAGIC) ---£49

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਆਉਂਦੀਆਂ ਹੱਡੀਆਂ ਦੀਆਂ ਕਮਜ਼ੋਰੀਆਂ (OSTEOPOROSIS) ਤੋਂ ਬਚਾਅ ------ £59

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਮਕਦਾਰ ਵਾਲ ਅਤੇ ਨਹੁੰ ਕਰਦੀ ਨੂੰ ਤਕੜਾ ਕਰਦੀ ਹੈ -£59

ਨੁਸਖਾ ਨੰਬਰ 9 (IN CAPSULES) ਵਧ ਰਹੀ ਉਮਰ ਵਿਚ ਘਟ ਰਹੀ ਯਾਦਦਾਸ਼ਤ ਲਈ ਇਹ ਇਕ ਅਜੂਬਾ ਹੈ- £59

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਚਿੰਤਾਵਾਂ ਨੂੰ ਦੂਰ ਕਰਕੇ ਕੁਦਰਤੀ ਅਤੇ ਸਾਂਤਮਈ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------ £59

ਨੁਸਖਾ ਨੰਬਰ 11 (IN TABLETS): ਇਹ ਦਵਾਈ ਕਮਜ਼ੋਰੀਆਂ, ਖ਼ੂਨ ਦੀ ਕਮੀ (ANAEMIA) ਵਿਚ ਸਰੀਰ ਅੰਦਰ ਲੋੜੀਂਦੇ ਖ਼ੂਨ ਦੀ ਪੂਰਤੀ ਕਰਕੇ ਕਮਜ਼ੋਰੀ ਨੂੰ ਦੂਰ ਕਰਦੀ ਹੈ ---------- £49

### ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਉਚੇਚਾ ਖ਼ਾਸ ਮੌਕਿਆਂ (SPECIAL OCCASIONS) ਤੇ ਮਰਦਾਂ ਨੂੰ ਆਪਣੀ ਮਰਦਾਨਗੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ --- £89

ਨੁਸਖਾ ਨੰਬਰ 13 (IN VIALS): ਮਰਦਾਂ ਦੀ ਮਰਦਾਨਗੀ ਨੂੰ ਤੇਜ਼ (ਘੋੜੇ ਜੈਸੀ) ਸ਼ਕਤੀ ਬਖ਼ਸ਼ਦੀ--- £89

ਨੁਸਖਾ ਨੰਬਰ 14 (IN TABLETS): ਵਧਦੀ ਉਮਰ ਵਿਚ ਮਰਦਾਂ ਨੂੰ ਆਉਣ ਵਾਲੀਆਂ ਪਿਸ਼ਾਬ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਠੀਕ ਕਰਦੀ ਹੈ --- £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਰੁਕਣਾ ਜਾਂ ਦੇਰ ਨਾਲ ਆਉਣਾ ਜਾਂ ਥੋੜ੍ਹੀ ਮਾਤਰਾ ਵਿਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਦਰ (ਸਫ਼ੇਦ ਪਾਣੀ), ਛਾਤੀਆਂ ਦਾ ਸੁੰਗੜਨਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਭਾਰੀਆਂ ਅਤੇ ਮੋਟੀਆਂ, ਛਾਤੀਆਂ ਵਿਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੋਡੀਆਂ ਸੁੰਨ ਜਾਂ ਡੋਡੀਆਂ ਤੇ ਚੀਰ, ਛਾਤੀਆਂ ਵਿਚ ਗੰਢਾਂ, ਦੁੱਧ ਰੋਗ, ਬੱਚੇਦਾਨੀ (Uterus) ਵਿਚ ਵਾਯੂ ਦਾ ਜਮ੍ਹਾ (Physometra) ਜਾਂ ਬੱਚੇਦਾਨੀ ਖ਼ੂਨ ਜਾਣ ਦਾ ਅਸਰ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿਚ ਰਸੌਲੀ (Fibroid Uterine), ਅੰਡੇਦਾਨੀ ਦੇ ਰੋਗ (Diseases of Ovaries), ਅੰਡੇਦਾਨੀ ਵਿਚ ਗੰਢਾਂ (Ovarian Cysts), ਯੋਨੀ ਦੀ ਦਿਕਤਦਾਰ ਸੁੰਗੜਨਾ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿਚ ਕਾਮਵਾਸਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾਂ ਦੀ ਖੁਜਲੀ (Prutitis), ਜਣਨ ਅੰਗਾਂ ਵਿਚ ਫੋੜੇ ਅਤੇ ਫਟਣਾ, ਇੱਕ ਰੋਗ ਸਮੇਂ ਗਰਭ ਨਾ ਆਵੇ, ਬਾਂਝਪਨ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਜਣੇਪੇ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਰੁਕਣ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.), (A.P) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ਡਰ, ਹਿਸਟੀਰੀਆ, ਅਨੀਂਦਾ, ਰੋਣਾ, ਕੰਨ ਦੀਆਂ ਬੀਮਾਰੀਆਂ, ਨਜ਼ਲਾ-ਜ਼ੁਕਾਮ, ਨਕਸੀਰ, ਕੰਨ ਪੇੜੇ, ਤੁਤਲਾਉਣਾ, (Stammering), ਟੌਂਸਿਲ, (Tonsilits), ਖਾਂਸੀ, ਦਸਤ, ਬਦਹਜ਼ਮੀ, ਪੀਲੀਆ, ਕੀੜੇ (Worms), ਸੁੱਤਿਆਂ ਪਿਸ਼ਾਬ ਨਿਕਲਣਾ (Enuresis), ਸਾਹ (Wheezing Problem), ਖਾਂਸੀ ਅਤੇ ਕਾਲੀ-ਖਾਂਸੀ, ਪੁਰਾਣੀ ਜ਼ੁਕਾਮ, ਖਾਜ (Eczema), ਚਮੜੀ ਰੋਗ ਦੇ ਉਪਾਅ, ਸੋਰਾਈਸਿਸ (Psoriasis), ਅਲਰਜੀ, ਖ਼ੂਨ ਦੀ ਕਮੀ (Anaemia), ਸਰੀਰ ਦਾ ਕੱਦ, ਪਿਛੜੇ ਬੱਚੇ (Backward Children), ਬੱਚਿਆਂ ਦੀਆਂ ਹੱਡੀਆਂ ਦਾ ਵਿੰਗਾ ਟੇਢਾ ਹੋਣਾ (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| **PILAES** (IN OINTMENT) | - ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਜਾਣ ਸਮੇਂ ਗੁਦਾ ਵਿਚ ਖੁਜਲੀ ਅਤੇ ਜਲਣ ਤੋਂ ਆਰਾਮ | £19 |
| **NURALACO** (IN OINTMENT OR LOTION) | --- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ ---- | £19 |
| **CHILLAGA** (IN OINTMENT OR LOTION) | ---ਠੰਢ ਕਾਰਣ ਹੱਥਾਂ ਪੈਰਾਂ ਦੀਆਂ ਉਂਗਲਾਂ 'ਚ ਦਰਦ ਤੇ ਸੋਜ ਤੋਂ ਆਰਾਮ | £19 |
| **ARNSTRA** (IN OINTMENT) | ------ ਦਰਦ, ਸੋਜ (BRUISES) ਚੋਟੀ ਲੱਗ ਨਾਲ ਹੋਏ ਜ਼ਖ਼ਮਾਂ ਜਾਂ (BED SORES) ਨੂੰ ਆਰਾਮ | £19 |
| **BELINFLA** (IN OIL OR OINTMENT) | ---ਦਰਦ, ਪੱਠਿਆਂ ਅਤੇ ਜੋੜਾਂ ਵਿਚ ਸੋਜ, ਨਾੜੀ ਤੇ ਪਿੱਠ ਦਰਦ ਨੂੰ ਆਰਾਮ | £19 |
| **BELULCE** (IN OIL) | ---- ਲੱਤ ਲੱਗਣ ਕਾਰਣ ਹੋਏ ULCERS ਅਤੇ ਜ਼ਖ਼ਮਾਂ ਨੂੰ ਆਰਾਮ ---------- | £19 |
| **BRYJOIN** (IN OIL) | -ਗੋਡੇ ਦਾ ਦਰਦ, ਵਾਤ ਰੋਗ ਨਾਲ ਜੋੜਾਂ ਵਿਚ ਅਤੇ ਗੋਡਿਆਂ 'ਚ ਅਕੜਾਅ ਨੂੰ ਆਰਾਮ - | £19 |
| **CALWOUN** (IN OIL OR OINTMENT) | --- ਸੱਟ ਲੱਗਣ ਜ਼ਖ਼ਮਾਂ ਦੀ ਪੀਕ ਜਾਂ ਸੜ ਜਾਣ ਤੇ ਜ਼ਖ਼ਮ ਦਾਗ਼ਾਂ ਤੋਂ ਆਰਾਮ- | £19 |
| **BURCAN** (IN LOTION OR OINTMENT) | --ਕਿਸੇ ਵੀ ਤਰ੍ਹਾਂ ਜਲਣ ਦੇ ਦਰਦ ਅਤੇ ਛਾਲਿਆਂ ਤੋਂ ਤੁਰੰਤ ਆਰਾਮ --- | £19 |
| **ROUTUM** (IN OINTMENT) | - ਸਰੀਰ ਦੇ ਕਿਸੇ ਵੀ ਹਿੱਸੇ ਵਿਚ ਨਿਸ਼ਾਨੀਆਂ ਦੀ ਸੋਜ ਅਤੇ ਦਰਦ ਤੋਂ ਆਰਾਮ --- | £19 |
| **JOINRHU** (IN OIL) | - ਜੋੜਾਂ ਦੇ ਦਰਦ, ਸਿਰ ਅੰਗ ਦਰਦ, ਧੌਣ ਪਿੱਠ ਅਤੇ ਜੋੜਾਂ ਪੱਠਿਆਂ ਦੀ ਸੋਜ ਤੋਂ ਆਰਾਮ- | £19 |
| **ABSSIL** (IN LOTION) | -- ਫਿਨਸੀਆਂ ਦਾ ਛੋਟੇ ਪੱਕ ਕੇ ਬਣ ਚਲ ਜਾਣ ਦੀ ਹਾਲਤ ਵਿਚ ਤੁਰੰਤ ਆਰਾਮ --- | £19 |
| **ITCSUL** (IN OIL) | ---- ਸਰੀਰ ਉੱਤੇ ਕਿਸੇ ਵੀ ਤਰ੍ਹਾਂ ਦੀ ਖਾਜ ਤੋਂ ਆਰਾਮ -------------- | £19 |
| **WARTHU** (IN OIL) | - ਹਰ ਤਰ੍ਹਾਂ ਦੇ ਮੁਹਕੇ, ਤਰ, ਸੁੱਕੇ ਜਾਂ ਗੰਢੀ ਦੇ ਫੁੱਲ ਵਰਗੀ ਮਹੁਕੇ (WARTS) ਤੋਂ ਆਰਾਮ --- | £19 |

* HOMOEOPATHIC HEALTH CLINIC ਦੇ ਨਾਂ 'ਤੇ ਪੋਸਟ ਪੇਮੈਂਟ ਆਰਡਰ ਜਾਂ ਚੈਕ ਭਾਰਨੀ ਭੇਜੋ। (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਕਿਤਾਬ: ਲਾਲ ਚੌਕ

**ਲੇਖਕ: ਰੋਹਿਨ ਕੁਮਾਰ**
**ਪ੍ਰਕਾਸ਼ਕ: ਵਾਇਟ ਕਰੋਅ ਪਬਲਿਸ਼ਰਜ਼, ਮੋਹਾਲੀ**
**ਕੀਮਤ: 300 ਰੁਪਏ**
**ਪੰਨੇ: 272**
**ਰਿਵਿਊਕਾਰ: ਗੁਰਪ੍ਰੀਤ ਸਿੰਘ ਬਿਲਿੰਗ**
**ਮੋਬਾਇਲ: 75086-98066**

ਸਮਕਾਲੀ ਪੰਜਾਬੀ ਦੀ ਕਸ਼ਮੀਰ ਵਿਆਖਿਆ ਵਿੱਚ ਰੋਹਿਨ ਕੁਮਾਰ ਦੀ ਕਿਤਾਬ ‘ਲਾਲ ਚੌਕ’ ਇੱਕ ਮਹੱਤਵਪੂਰਨ ਹਸਤਖੇਪ ਵਜੋਂ ਸਾਹਮਣੇ ਆਉਂਦੀ ਹੈ। ਇਹ ਸਿਰਫ਼ ਇੱਕ ਸਫ਼ਰ-ਵ੍ਰਿਤਾਂਤ ਨਹੀਂ, ਸਿਰਫ਼ ਰਾਜਨੀਤਿਕ ਟਿੱਪਣੀ ਨਹੀਂ ਅਤੇ ਨਾ ਹੀ ਕੇਵਲ ਮਨੁੱਖੀ ਸੰਵੇਦਨਾਵਾਂ ਦੀ ਲਿਖਤ ਹੈ। ਇਹ ਇਨ੍ਹਾਂ ਤਿੰਨਾਂ ਦਾ ਸੰਵੇਦਨਸ਼ੀਲ ਅਤੇ ਬੌਧਿਕ ਸੰਯੋਗ ਹੈ। ਕਿਤਾਬ ਦਾ ਕੇਂਦਰ ‘ਲਾਲ ਚੌਕ’ ਹੈ, ਪਰ ਲੇਖਕ ਲਈ ਇਹ ਕੇਵਲ ਸ੍ਰੀਨਗਰ ਦਾ ਭੂਗੋਲਿਕ ਚੌਰਾਹਾ ਨਹੀਂ, ਸਗੋਂ ਇਤਿਹਾਸ, ਸੰਘਰਸ਼, ਸੱਤਾ ਅਤੇ ਆਮ ਆਦਮੀ ਦੇ ਮਨੋਵਿਗਿਆਨ ਦਾ ਪ੍ਰਤੀਕ ਹੈ।

ਲੇਖਕ ਨੇ ਕਸ਼ਮੀਰ ਮਸਲੇ ਨੂੰ ਰਾਜਨੀਤਿਕ ਨਜ਼ਰੀਏ ਨਾਲ ਨਹੀਂ, ਸਗੋਂ ਮਨੁੱਖੀ ਦ੍ਰਿਸ਼ਟੀ ਨਾਲ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਰੋਹਿਨ ਕੁਮਾਰ ਕਸ਼ਮੀਰ ਨੂੰ ਨਾਅਰਿਆਂ, ਟੀਵੀ ਡਿਬੇਟਾਂ ਜਾਂ ਸਰਕਾਰੀ ਪ੍ਰੈਸ-ਨੋਟਾਂ ਦੇ ਢਾਂਚੇ ਵਿੱਚ ਨਹੀਂ ਫੜਦੇ, ਉਹ ਇਸਨੂੰ ਲੋਕਾਂ ਦੇ ਡਰ, ਉਮੀਦ, ਖ਼ਾਮੋਸ਼ੀ ਅਤੇ ਟੁੱਟਦੇ ਵਿਸ਼ਵਾਸਾਂ ਰਾਹੀਂ ਸਮਝਦੇ ਹਨ। ਇਹੀ ਕਿਤਾਬ ਦੀ ਸਭ ਤੋਂ ਵੱਡੀ ਤਾਕਤ ਹੈ।

‘ਲਾਲ ਚੌਕ’ ਦੀ ਬਣਤਰ ਦੋ ਮੁੱਖ ਹਿੱਸਿਆਂ ਵਿੱਚ ਵੰਡੀ ਹੋਈ ਦਿਸਦੀ ਹੈ। ਇੱਕ ਪਾਸੇ ਅਨੁਭਵਾਤਮਕ ਯਾਤਰਾ ਅਤੇ ਦੂਜੇ ਪਾਸੇ ਕਸ਼ਮੀਰੀ ਸਮਾਜ, ਰਾਜਨੀਤੀ ਦਾ ਵਿਸ਼ਲੇਸ਼ਣ। ਲੇਖਕ ਘਟਨਾਵਾਂ ਦੀ ਸਿਰਫ਼ ਰਿਪੋਰਟਿੰਗ ਨਹੀਂ ਕਰਦਾ, ਉਹ ਉਨ੍ਹਾਂ ਦੇ ਅੰਦਰ ਲੁਕੇ ਅਰਥਾਂ ਦੀ ਪੜਤਾਲ ਕਰਦਾ ਹੈ। ਸੈਨਿਕ ਚੌਕੀਆਂ, ਬੈਰੀਕੇਡਾਂ, ਜਾਂਚ-ਨਾਕੇ ਅਤੇ ਬੰਦੂਕਾਂ ਦੇ ਸਾਏ ਹੇਠ ਜੀਵਨ। ਇਹ ਸਾਰੇ ਦ੍ਰਿਸ਼ ਕਿਤਾਬ ਵਿੱਚ ਸਿਰਫ਼ ਪਿਛੋਕੜ ਨਹੀਂ, ਸਗੋਂ ਮਾਨਸਿਕ ਦਬਾਅ ਦੇ ਪ੍ਰਤੀਕ ਬਣ ਕੇ ਉਭਰਦੇ ਹਨ।

ਲੇਖਕ ਦੀ ਭਾਸ਼ਾ ਰਿਪੋਰਟਿੰਗ ਦੀ ਸੁੱਕੀ ਕਠੋਰਤਾ ਤੋਂ ਬਚੀ ਰਹਿੰਦੀ ਹੈ। ਉਹ ਸੰਵੇਦਨਸ਼ੀਲ ਹੈ, ਪਰ ਸੰਵੇਦਨਾਤਮਕ ਉਤੇਜਨਾ ਵਿੱਚ ਨਹੀਂ ਫਸਦੀ। ਉਹ ਵਿਸ਼ਲੇਸ਼ਣਾਤਮਕ ਹੈ, ਪਰ ਠੰਢੀ ਬੁੱਧੀਵਾਦੀ ਨਹੀਂ ਬਣਦੀ। ਇਹ ਸੰਤੁਲਨ ਕਾਇਮ ਰੱਖਣਾ ਆਸਾਨ ਨਹੀਂ ਹੁੰਦਾ। ਕਈ ਥਾਵਾਂ ਲੇਖਕ ਆਪਣੀ ਨਿੱਜੀ ਅਨੁਭੂਤੀ ਨੂੰ ਪੇਸ਼ ਕਰਦਾ ਹੈ, ਪਰ ਉਹ ਨਿੱਜੀ ਅਨੁਭਵ ਸਾਂਝੇ ਇਤਿਹਾਸ ਦਾ ਹਿੱਸਾ ਬਣ ਜਾਂਦਾ ਹੈ।




ਕਿਤਾਬ ਦੀ ਇੱਕ ਵੱਡੀ ਖਾਸੀਅਤ ਇਹ ਹੈ ਕਿ ਇਹ ਕਸ਼ਮੀਰ ਨੂੰ ‘ਮਸਲਾ’ ਕਹਿ ਕੇ ਖਤਮ ਨਹੀਂ ਕਰਦੀ। ਇਹ ਉਸਨੂੰ ਮਨੁੱਖੀ ਸੰਕਟ ਵਜੋਂ ਵੇਖਦੀ ਹੈ। ਗੱਲ ਕੇਵਲ ਧਾਰਾ 370 ਜਾਂ ਦਹਿਸ਼ਤਗਰਦੀ ਦੀ ਨਹੀਂ, ਸਗੋਂ ਉਸ ਮਨੋਵਿਗਿਆਨ ਦੀ ਹੈ ਜੋ ਲਗਾਤਾਰ ਅਨਿਸ਼ਚਿਤਤਾ ਵਿੱਚ ਜੀਵਨ ਜੀਅ ਰਿਹਾ ਹੈ। ਲੇਖਕ ਇਸ਼ਾਰਿਆਂ ਵਿੱਚ ਇਹ ਵੀ ਦੱਸਦਾ ਹੈ ਕਿ ਰਾਜਨੀਤਿਕ ਫੈਸਲੇ ਭਾਵੇਂ ਦਿੱਲੀ ਵਿੱਚ ਲਏ ਜਾਣ, ਪਰ ਉਨ੍ਹਾਂ ਦੀਆਂ ਗੂੰਜਾਂ ਸਭ ਤੋਂ ਪਹਿਲਾਂ ਅਤੇ ਸਭ ਤੋਂ ਤੀਖੀਆਂ ਕਸ਼ਮੀਰ ਦੀਆਂ ਗਲੀਆਂ ਵਿੱਚ ਸੁਣਾਈ ਦਿੰਦੀਆਂ ਹਨ।

ਕਲਾਤਮਕ ਪੱਖ ਤੋਂ ਵੇਖਿਆ ਜਾਵੇ ਤਾਂ ਕਿਤਾਬ ਵਿੱਚ ਵਰਣਨ-ਾਤਮਕ ਸ਼ਕਤੀ ਕਾਬਿਲ-ਏ-ਗੌਰ ਹੈ। ਲਾਲ ਚੌਕ ਦੀ ਭੌਤਿਕ ਤਸਵੀਰ ਹੌਲੀ-ਹੌਲੀ ਇੱਕ ਮਨੋਦ੍ਰਿਸ਼ ਬਣ ਜਾਂਦੀ ਹੈ, ਜਿੱਥੇ ਘੜੀ ਵਾਲਾ ਮੀਨਾਰ ਸਿਰਫ਼ ਸਮਾਂ ਨਹੀਂ ਦੱਸਦਾ, ਸਗੋਂ ਇਤਿਹਾਸ ਦੀਆਂ ਪਰਤਾਂ ਦਾ ਗਵਾਹ ਬਣਦਾ ਹੈ। ਲੇਖਕ ਦੀ ਦ੍ਰਿਸ਼ਟੀ ਕਈ ਵਾਰ ਫੋਟੋ-ਜਰਨਲਿਸਟਿਕ ਲੱਗਦੀ ਹੈ, ਪਰ ਸ਼ਬਦਾਂ ਦੀ ਲਕੀਰ ਵਿੱਚ ਦਰਦ ਦੀ ਨਰਮੀ ਵੀ ਮੌਜੂਦ ਰਹਿੰਦੀ ਹੈ।

ਹਾਲਾਂਕਿ ਕੁਝ ਥਾਵਾਂ ਉੱਤੇ ਕਿਤਾਬ ਵਿਚਾਰਾਂ ਦੀ ਦੁਹਰਾਵਟ ਦਾ ਸ਼ਿਕਾਰ ਹੋ ਜਾਂਦੀ ਹੈ ਅਤੇ ਲੇਖਕ ਦੀ ਭਾਵਨਾਤਮਕ ਨਜ਼ਦੀਕੀ ਕਈ ਵਾਰ ਵਿਸ਼ਲੇਸ਼ਣ ਦੀ ਧਾਰ ਨੂੰ ਕੁਝ ਮੰਦ ਕਰ ਦਿੰਦੀ ਹੈ। ਪਰ ਇਹ ਕਮਜ਼ੋਰੀਆਂ ਕਿਤਾਬ ਦੇ ਮੂਲ ਉਦੇਸ਼ ਨੂੰ ਪ੍ਰਭਾਵਿਤ ਨਹੀਂ ਕਰਦੀਆਂ, ਬਲਕਿ ਕਈ ਵਾਰ ਇਹੀ ਭਾਵਨਾਤਮਕ ਪੱਖ ਇਸਨੂੰ ਹੋਰ ਮਨੁੱਖੀ ਬਣਾਉਂਦਾ ਹੈ।

ਸਮੁੱਚੇ ਤੌਰ ‘ਤੇ ‘ਲਾਲ ਚੌਕ’ ਇੱਕ ਐਸੀ ਕਿਤਾਬ ਹੈ ਜੋ ਕਸ਼ਮੀਰ ਨੂੰ ਸਿਰਫ਼ ਖ਼ਬਰਾਂ ਦੀ ਸੁਰਖ਼ੀ ਤੋਂ ਚੱਕ ਕੇ ਪਾਠਕ ਦੇ ਅੰਦਰਲੇ ਸੰਵੇਦਨਸ਼ੀਲ ਖੇਤਰ ਵਿੱਚ ਲੈ ਜਾਂਦੀ ਹੈ। ਇਹ ਕਿਤਾਬ ਨਿਸ਼ਚਿਤ ਤੌਰ ‘ਤੇ ਉਨ੍ਹਾਂ ਪਾਠਕਾਂ ਲਈ ਲਾਜ਼ਮੀ ਹੈ ਜੋ ਕਸ਼ਮੀਰ ਨੂੰ ਸਿਰਫ਼ ਰਾਜਨੀਤਿਕ ਨਕਸ਼ੇ ‘ਤੇ ਨਹੀਂ, ਸਗੋਂ ਮਨੁੱਖੀ ਅਨੁਭਵ ਦੀ ਭੂਗੋਲ ਵਿੱਚ ਸਮਝਣਾ ਚਾਹੁੰਦੇ ਹਨ।

‘ਲਾਲ ਚੌਕ’ ਆਪਣੇ ਸਮੇਂ ਦਾ ਦਸਤਾਵੇਜ਼ ਹੈ। ਅਧੂਰੇ ਪ੍ਰਸ਼ਨਾਂ, ਅਟਕੀ ਹੋਈਆਂ ਉਮੀਦਾਂ ਅਤੇ ਅਜੇ ਵੀ ਸੰਭਵ ਸੰਵਾਦਾਂ ਦਾ ਦਸਤਾਵੇਜ਼ ਹੈ।

ਧੰਨਵਾਦ



**ਲੇਖਕ: ਗੁਰਪ੍ਰੀਤ ਸਿੰਘ ਬਿਲਿੰਗ**
**ਮੋਬਾਇਲ 75086-98066**
**gurpreetnews@gmial.com**

# ਵੱਲ, ਚੋਣ ਅਧਿਕਾਰੀ,ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ

## ਵਿਸ਼ਾ: ਮੈਂਬਰਾਂ ਨੂੰ ਵੋਟਰ ਸੂਚੀਆਂ ਉਪਲਬਧ ਨਾ ਹੋਣ ਕਾਰਨ 15 ਮਾਰਚ ਨੂੰ ਹੋਣ ਵਾਲੀ ਚੋਣ ਨੂੰ ਅੱਗੇ ਪਾਉਣ ਦੀ ਬੇਨਤੀ

ਸ੍ਰੀਮਾਨ ਜੀ,ਆਪ ਜੀ ਨੂੰ ਪਤਾ ਹੀ ਹੈ ਕਿ ਇਸ ਸਮੇਂ ਅਕਾਦਮੀ ਦੇ ਕਰੀਬ 2 ਹਜ਼ਾਰ ਮੈਂਬਰ ਹਨ। ਅਕਾਦਮੀ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਅਕਾਦਮੀ ਦੇ ਹਰ ਮੈਂਬਰ ਨੂੰ ਡਾਕ ਰਾਹੀਂ ਵੋਟਰ ਸੂਚੀ ਭੇਜ ਦਿੱਤੀ ਗਈ ਹੈ। ਇਹ ਵੀ ਪਤਾ ਲੱਗਾ ਹੈ ਕਿ ਡਾਕ ਵਿਭਾਗ ਨੇ ਹਰ ਸੂਚੀ ਨੂੰ ਵੋਟਰ ਤੱਕ ਪੁੱਜਦਾ ਕਰਨ ਲਈ 28 ਰੁਪਏ ਲਏ ਹਨ। ਇਸ ਸਮੇਂ ਅਕਾਦਮੀ ਦੀ ਦੁਕਾਨ ਤੇ ਵੋਟਰ ਸੂਚੀਆਂ ਵੇਚੀਆਂ ਜਾ ਰਹੀਆਂ ਹਨ। ਇੱਕ ਸੂਚੀ ਦੀ ਕੀਮਤ 100 ਰੁਪਏ ਵਸੂਲੀ ਜਾ ਰਹੀ ਹੈ। ਭਾਵ ਇਹ ਕਿ ਡਾਕ ਵਿੱਚ ਪਾਈ ਹਰ ਵੋਟਰ ਸੂਚੀ ਤੇ ਅਕਾਦਮੀ ਦੇ ਕਰੀਬ 128 ਰੁਪਏ ਖਰਚ ਹੋ ਰਹੇ ਹਨ।

ਅਕਾਦਮੀ ਦੇ ਸੈਂਕੜੇ ਮੈਂਬਰਾਂ ਵੱਲੋਂ ਸਾਡੇ ਤੱਕ ਪਹੁੰਚ ਕਰਕੇ ਸੂਚਿਤ ਕੀਤਾ ਗਿਆ ਹੈ ਕਿ ਹਾਲੇ ਤੱਕ ਉਨਾਂ ਨੂੰ ਵੋਟਰ ਸੂਚੀਆਂ ਪ੍ਰਾਪਤ ਨਹੀਂ ਹੋਈਆਂ। ਇਨ੍ਹਾਂ ਵਿੱਚੋਂ ਕੁੱਝ ਦੇ ਨਾਂ ਅਮਰ ਗਰਗ ਕਲਮਦਾਨ, ਬੇਅੰਤ ਕੌਰ ਗਿੱਲ, ਦਵਿੰਦਰ ਸਿੰਘ ਸੇਖਾ, ਕਰਮ ਸਿੰਘ ਜ਼ਖਮੀ, ਸੁਖਵਿੰਦਰ ਲੋਟੇ, ਰਜਿੰਦਰ ਸਿੰਘ ਰਾਜਨ ਆਦਿ ਹਨ।

ਵੋਟਰ ਸੂਚੀ ਨਾ ਮਿਲਣ ਕਾਰਨ ਦੂਰ ਦੁਰਾਡੇ ਬੈਠੇ ਜਿਹੜੇ ਮੈਂਬਰ ਚੋਣ ਲੜਨਾ ਚਾਹੁੰਦੇ ਹਨ ਉਹ ਚੋਣ ਲੜਨ ਤੋਂ ਅਸਮਰਥ ਹੋ ਗਏ ਹਨ। ਵੋਟਰਾਂ ਦਾ ਵੀ ਹੱਕ ਬਣਦਾ ਹੈ ਕਿ ਉਨ੍ਹਾਂ ਨੂੰ ਸਮੇਂ ਸਿਰ ਵੋਟਰ ਸੂਚੀ ਮਿਲੇ ਤਾਂ ਜੋ ਉਹ ਆਪਣੇ ਮਨ ਪਸੰਦ ਉਮੀਦਵਾਰ ਲਈ ਜ਼ੋਰ ਸ਼ੋਰ ਨਾਲ ਚੋਣ ਪ੍ਰਚਾਰ ਕਰ ਸਕਣ।



ਮਿੱਤਰ ਸੈਨ ਮੀਤ



ਬੇਅੰਤ ਕੌਰ ਗਿੱਲ

ਜੇ ਕੋਈ ਮੈਂਬਰ ਅਕਾਦਮੀ ਜਾ ਕੇ ਵੋਟਰ ਸੂਚੀ ਦੀ ਮੰਗ ਕਰਦਾ ਹੈ ਤਾਂ ਉਸ ਨੂੰ ਵੋਟਰ ਸੂਚੀ ਖਰੀਦਣ ਦਾ ਹੁਕਮ ਚਾੜ ਦਿੱਤਾ ਜਾਂਦਾ ਹੈ। ਅਮਰ ਗਰਗ ਜਦੋਂ ਆਪਣੀ ਨਾਮਜਦਗੀ ਭਰਨ ਆਏ ਤਾਂ ਉਹਨਾਂ ਨੂੰ ਅਕਾਦਮੀ ਦੀ ਦੁਕਾਨ ਤੋਂ ਵੋਟਰ ਸੂਚੀ ਖਰੀਦਣੀ ਪਈ। ਰਜਿੰਦਰ ਰਾਜਨ ਵੱਲੋਂ ਵੀ ਆਪਣੇ ਲਈ ਵੋਟਰ ਸੂਚੀ ਖਰੀਦਣੀ ਪਈ।

ਅਕਾਦਮੀ ਦੇ ਦਫ਼ਤਰੀ ਅਮਲੇ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਜਿਹੜੇ ਮੈਂਬਰਾਂ ਦੇ ਡਾਕ ਪਤੇ ਗ਼ਲਤ ਹਨ ਉਨ੍ਹਾਂ ਦੀਆਂ ਵੋਟਰ ਸੂਚੀਆਂ ਅਕਾਦਮੀ ਕੋਲ ਵਾਪਸ ਆ ਗਈਆਂ ਹਨ। ਪਰ ਇਹਨਾਂ ਦੀ ਗਿਣਤੀ 50 ਤੋਂ ਵੱਧ ਨਹੀਂ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਡਾਕਖਾਨੇ ਵੱਲੋਂ ਕੋਈ ਵੱਡੀ ਕੁਤਾਹੀ ਨਹੀਂ ਕੀਤੀ ਗਈ। ਨਾ ਹੀ ਮੈਂਬਰਾਂ ਵੱਲੋਂ ਝੂਠ ਬੋਲਿਆ ਜਾ ਰਿਹਾ ਹੈ।

ਇਸ ਸਾਰੇ ਵਰਤਾਰੇ ਤੋਂ ਸਿੱਟਾ ਨਿਕਲਦਾ ਹੈ ਕਿ

1.) ਲੱਖਾਂ ਰੁਪਏ ਕੀਮਤ ਦੀਆਂ ਵੋਟਰ ਸੂਚੀਆਂ ਕਿੱਧਰ ਗਈਆਂ? ਉਸ ਬਾਰੇ ਜਾਂਚ ਹੋਣੀ ਚਾਹੀਦੀ ਹੈ।

2.) ਡਾਕ ਵਿਭਾਗ ਉੱਚ ਅਧਿਕਾਰੀਆਂ ਨਾਲ ਸੰਪਰਕ ਕਰਕੇ ਪੁੱਛਿਆ ਜਾਣਾ ਚਾਹੀਦਾ ਹੈ ਕਿ ਵੱਡੇ ਪੱਧਰ ਤੇ ਵੋਟਰ ਸੂਚੀਆਂ ਵੋਟਰਾਂ ਨੂੰ ਉਪਲਬਧ ਕਿਉਂ ਨਹੀਂ ਹੋਈਆਂ।

3.) ਜਿੰਨਾਂ ਚਿਰ ਹਰ ਵੋਟਰ ਨੂੰ ਵੋਟਰ ਸੂਚੀ ਉਪਲਬਧ ਨਹੀਂ ਹੁੰਦੀ ਉਨ੍ਹਾਂ ਚਿਰ ਅਕਾਦਮੀ ਦੀਆਂ ਚੋਣਾਂ ਕਰਵਾਉਣੀਆਂ ਉਚਿਤ ਨਹੀਂ ਹਨ।

ਬੇਨਤੀ,ਇਸ ਲਈ ਬੇਨਤੀ ਹੈ ਕਿ ਹਾਲ ਦੀ ਘੜੀ ਚੋਣਾਂ ਅੱਗੇ ਪਾ ਦਿੱਤੀਆਂ ਜਾਣ।

**ਵਲੋਂ-ਬੇਅੰਤ ਕੌਰ ਗਿੱਲ,**
**ਮਿੱਤਰ ਸੈਨ ਮੀਤ**

for more news visit:
www.samajweekly.com

# ਡਾ. ਅੰਬੇਡਕਰ ਦੀ ਧਾਰਮਿਕ ਕ੍ਰਾਂਤੀ ਅਤੇ ਉਸ ਦੇ ਪ੍ਰਭਾਵ

ਡਾ .ਭੀਮ ਰਾਓ ਅੰਬੇਡਕਰ ਨੂੰ ਸੁਰਤ ਸੰਭਾਲਦਿਆਂ ਹੀ ਨਫ਼ਰਤ, ਘ੍ਰਿਣਾ, ਕੁਟਮਾਰ ਅਤੇ ਅਮਾਨਵੀ ਵਤੀਰੇ ਦਾ ਸਾਹਮਣਾ ਕਰਨਾ ਪਿਆ। ਉਹ ਹਿੰਦੂ ਧਰਮ ਵਿੱਚ ਅਛੂਤਾਂ ’ਤੇ ਹੁੰਦੇ ਅਤਿਆਚਾਰਾਂ ਅਤੇ ਸਮਾਜਿਕ ਅਮਾਨਤਾਵਾਂ ਤੋਂ ਨਿਰਾਸ਼ ਸਨ। ਪਿਛਲੇ ਦਸ ਸਾਲਾਂ ਤੋਂ ਡਾ. ਅੰਬੇਡਕਰ ਹਿੰਦੂ ਸਮਾਜ ਵਿੱਚ ਘੁਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਛੂਤਾਂ ਲਈ ਜਨਤਕ ਥਾਵਾਂ ਤੋਂ ਪਾਣੀ ਭਰਨ, ਚੰਗੇ ਕੱਪੜੇ ਪਾਉਣ, ਧਾਤ ਦੇ ਭਾਂਡੇ ਵਰਤਣ ਅਤੇ ਪੜ੍ਹਾਈ ਦੇ ਅਧਿਕਾਰ ਅਦਿ ਲਈ ਉਹ ਲੜਦਾ ਆ ਰਿਹਾ ਸੀ। ਮਹਾੜ ਦੇ ਸੱਤਿਆਗ੍ਰਹਿ (ਜੋ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਨਾਲ ਲੈ ਕੇ ਸਾਂਝੇ ਚੌਦਾਰ ਤਲਾਬ ਤੋਂ ਪਾਣੀ ਪੀ ਕੇ ਸ਼ੁਰੂ ਕੀਤਾ ਸੀ) ਨੇ ਉਨ੍ਹਾਂ ਨੂੰ ਬਹੁਤ ਦੁੱਖੀ ਕੀਤਾ ਕਿਉਂਕਿ ਮਹਾੜ ਕਚਹਿਰੀ ਵਿੱਚ ਚੌਦਾਰ ਤਲਾਬ ਵਾਲ਼ੇ ਕੇਸ ਦੀ ਪੈਰਵੀ ਲਈ ਅਦਾਲਤ ਜਾਣਾ ਪੈਂਦਾ ਸੀ। ਇੱਕ ਦਿਨ ਭਾਰੀ ਮੀਂਹ ਕਾਰਨ ਦਰਿਆ ’ਚ ਹੜ੍ਹ ਆਇਆ ਹੋਇਆ ਸੀ, ਜਿਸ ਕਰਕੇ ਉਨ੍ਹਾਂ ਨੂੰ ਦੋ ਦਿਨ ਰਸਤੇ ’ਚ ਹੀ ਰੁਕਣਾ ਪਿਆ। ਨੇੜੇ-ਤੇੜੇ ਕੋਈ ਅਛੂਤਾਂ ਦੀ ਕੋਈ ਬਸਤੀ ਵੀ ਨਹੀਂ ਸੀ। ਇਸ ਕਰਕੇ ਡਾ. ਅੰਬੇਡਕਰ ਨੂੰ ਨਾ ਤਾਂ ਖਾਣ-ਪੀਣ ਕੁੱਝ ਮਿਲਿਆ ਅਤੇ ਨਾ ਹੀ ਆਰਾਮ ਕਰਨ ਲਈ ਕੋਈ ਥਾਂ ਮਿਲੀ। ਅਛੂਤ ਹੋਣ ਕਰਕੇ ਕੋਈ ਵੀ ਉਸ ਨੂੰ ਥਾਂ ਜਾਂ ਰੋਟੀ ਦੇਣ ਲਈ ਤਿਆਰ ਨਹੀਂ ਸੀ। ਮਹਾੜ ਕਾਨਫਰੰਸ ਤੋਂ ਤੁਰੰਤ ਪਿੱਛੋਂ ਹੀ ਉਸ ਦੇ ਮਨ ਵਿੱਚ ਹਿੰਦੂ ਧਰਮ ਛੱਡ ਦੇਣ ਦਾਂ ਖ਼ਿਆਲ ਘਰ ਕਰ ਗਿਆ ਸੀ।

ਮਹਾੜ ਤੋਂ ਵਾਪਿਸ ਆ ਕੇ ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਕਮਰੇ ਵਿੱਚ ਬੰਦ ਕਰ ਲਿਆ ਅਤੇ ਲੋਕਾਂ ਨੂੰ ਮਿਲਣਾ ਗਿਲਣਾ ਵੀ ਬੰਦ ਕਰ ਦਿੱਤਾ। ਉਨ੍ਹਾਂ ਦੇ ਦੋਸਤਾਂ ਅਤੇ ਸਹਿਕਰਮੀਆਂ ਨੇ ਬੜੇ ਯਤਨਾਂ ਨਾਲ ਉਨ੍ਹਾਂ ਦਾ ਗੁੱਸਾ ਠੰਡਾ ਕੀਤਾ। ਜਲਗਾਓਂ ਵਿੱਚ 1929 ਸਮੇਂ ਉਨ੍ਹਾਂ ਨੇ ਅਛੂਤਾਂ ਨੂੰ ਅਜਿਹਾ ਕੋਈ ਵੀ ਧਰਮ ਗ੍ਰਹਿਣ ਕਰਨ ਲਈ ਆਖਿਆ ਸੀ ਜਿਹੜਾ ਉਹਨਾਂ ਨੂੰ ਬੰਦੇ ਸਮਝਦਾ ਹੋਵੇ। ਸੰਸਾਰ ਵਿੱਚ ਉੱਚਾ ਉਠਣ ਦਾ ਮੌਕਾ ਦਿੰਦਾ ਹੋਵੇ ਅਤੇ ਖਾਣ ਪੀਣ, ਪਹਿਨਣ, ਤੁਰਨ-ਫਿਰਨ ਅਤੇ ਮਨੁੱਖਾਂ ਵਾਂਗ ਰਹਿਣ ਦੀ ਆਗਿਆ ਦਿੰਦਾ ਹੋਵੇ।

13 ਅਕਤੂਬਰ 1935 ਨੂੰ ਯਵਤਮਾਲ ਜ਼ਿਲ੍ਹੇ ਦੇ ਯਿਓਲਾ (ਮਹਾਰਾਸ਼ਟਰ) ਸ਼ਹਿਰ ਵਿੱਚ ‘ਯਿਓਲਾ ਕਾਨਫ਼ਰੰਸ’ ਹੋਈ। ਕਾਨਫ਼ਰੰਸ ਵਿੱਚ ਦਸ ਹਜ਼ਾਰ ਤੋਂ ਵੱਧ ਅਛੂਤ ਸ਼ਾਮਲ ਹੋਏ। ਡਾ. ਅੰਬੇਡਕਰ ਨੇ ਡੇਢ ਘੰਟੇ ਦੇ ਭਾਵਨਾਵਾਂ ਭਰੇ ਭਾਸ਼ਣ ਦੌਰਾਨ ਇਹ ਐਲਾਨ ਕੀਤਾ ਸੀ, “ਮੈਂ ਹਿੰਦੂ ਧਰਮ ਵਿੱਚ ਜਨਮਿਆਂ ਹਾਂ, ਪਰ ਹਿੰਦੂ ਧਰਮ ਵਿੱਚ ਮਰਾਂਗਾ ਨਹੀਂ।” ਮੇਰੀ ਧਰਮ ਬਦਲੀ ਕਿਸੇ ਪਦਾਰਥਕ ਉਦੇਸ਼ ਤੋਂ ਪ੍ਰੇਰਿਤ ਨਹੀਂ ਹੈ। ਸ਼ਾਇਦ ਹੀ ਕੋਈ ਚੀਜ਼ ਐਸੀ ਹੋਵੇ ਜਿਹੜੀ ਮੈਂ ਅਛੂਤ ਰਹਿੰਦਿਆਂ ਪ੍ਰਾਪਤ ਨਹੀਂ ਕਰ ਸਕਦਾ। ਅਧਿਆਤਮਿਕ ਭਾਵਨਾ ਤੋਂ ਬਿਨਾਂ ਮੇਰੀ ਧਰਮ-ਬਦਲੀ ਪਿੱਛੇ ਹੋਰ ਕੋਈ ਭਾਵਨਾ ਨਹੀਂ ਹੈ। ਹਿੰਦੂਵਾਦ ਮੇਰੀ ਜ਼ਮੀਰ ਨੂੰ ਟੁੰਬਦਾ ਨਹੀਂ। ਮੇਰਾ ਮਾਣ ਸਨਮਾਨ, ਹਿੰਦੂਇਜ਼ਮ ਨਾਲ ਇਕਮਿਕ ਨਹੀਂ ਹੋ ਸਕਦਾ। ਤੁਹਾਡੇ ਸੰਦਰਭ ਵਿੱਚ ਧਰਮ-ਬਦਲੀ, ਦੁਨਿਆਵੀ ਅਤੇ ਅਧਿਆਤਮਿਕ ਦੋਹਾਂ ਪੱਖਾਂ ਤੋਂ ਲਾਹੇਬੰਦੀ ਹੈ। ਉਹਨਾਂ ਦੀ ਰਾਇ ਦੀ ਪ੍ਰਵਾਹ ਨਾ ਕਰੋ ਜਿਹੜੇ ਪਦਾਰਥਕ ਲਾਭਾਂ ਲਈ ਧਰਮ ਬਦਲੀ ਦੀ ਆਲੋਚਨਾਂ ਕਰਨ ਦੀ ਮੂਰਖਤਾ ਕਰਦੇ ਹਨ, ਉਸ ਧਰਮ ਵਿੱਚ ਤੁਸੀਂ ਰਹਿੰਦੇ ਹੀ ਕਿਉਂ ਹੋ ਜਿਸ ਧਰਮ ਨੇ ਤੁਹਾਨੂੰ ਮਾਣ ਸਨਮਾਨ, ਧੰਨ, ਖਾਣ-ਪੀਣ ਅਤੇ ਘਰ ਦੇ ਹੱਕ ਤੋਂ ਵੰਚਿਤ ਕੀਤਾ ਹੈ? ਮੈਂ ਤੁਹਾਨੂੰ ਕਹਿੰਦਾ ਹਾਂ ਕਿ ਧਰਮ ਮਨੁੱਖ ਲਈ ਹੈ ਨਾ ਕਿ ਮਨੁੱਖ ਧਰਮ ਲਈ । ਜੇ ਤੁਸੀਂ ਇਸ ਦੁਨੀਆਂ ਵਿੱਚ ਸੰਗਠਿਤ, ਮਜ਼ਬੂਤ ਅਤੇ ਸਫ਼ਲ ਹੋਣਾ ਚਾਹੁੰਦੇ ਹੋ ਤਾਂ ਇਸ ਧਰਮ ਨੂੰ ਛੱਡੋ। ਜਿਹੜਾ ਧਰਮ ਤੁਹਾਨੂੰ ਮਨੁੱਖ ਹੀ ਮੰਨਣ ਤੋਂ ਇਨਕਾਰੀ ਹੈ ਜਾਂ ਤੁਹਾਨੂੰ ਪੀਣ ਲਈ ਪਾਣੀ ਦੇਣ ਤੋਂ ਮੁਨਕਰ ਹੈ, ਜਿਹੜਾ ਧਰਮ ਤੁਹਾਨੂੰ ਸਿੱਖਿਆ ਪ੍ਰਾਪਤ ਕਰਨੋਂ ਮਨ੍ਹਾਂ ਕਰਦਾ ਹੈ, ਤੁਹਾਡੀ ਪਦਾਰਥਕ ਤਰੱਕੀ ਦੇ ਰਾਹ ਵਿੱਚ ਰੋੜਾ ਬਣਦਾ ਹੈ, ਉਹ ਧਰਮ ‘ਧਰਮ’ ਕਹਾਉਂਣ ਦੇ ਯੋਗ ਨਹੀਂ। ਜਿਹੜਾ ਧਰਮ, ਆਪਣੇ ਹੀ ਸਹਿਧਰਮੀਆਂ ਨਾਲ ਮਾਨਵਤਾਵਾਦੀ ਵਰਤੋਂ ਵਿਵਹਾਰ ਕਰਨਾ ਵੀ ਨਹੀਂ ਸਿਖਾਉਂਦਾ ਉਹ ਹੋਰ ਕੁੱਝ ਨਹੀਂ, ਮਹਿਜ਼ ਜ਼ੋਰ-ਜ਼ਬਰਦਸਤੀ ਦਾ ਮੁਜ਼ਾਹਰਾ ਕਰਦਾ ਹੈ। ਜਿਹੜਾ ਧਰਮ, ਆਪਣੇ ਪੈਰੋਕਾਰਾਂ ਨੂੰ ਇਹ ਕਹਿੰਦਾ ਹੈ ਕਿ ਜਾਨਵਰਾਂ,



ਪਸ਼ੂਆਂ ਨੂੰ ਛੂਹ ਲਓ, ਕੋਈ ਹਰਜ਼ ਨਹੀਂ, ਪਰ ਮਨੁੱਖ ਨੂੰ ਨਾ ਛੂਹੋ, ਅਜਿਹਾ ਧਰਮ, ਧਰਮ ਨਹੀਂ ਬਲਕਿ ਇੱਕ ਮਖੌਲਬਾਜ਼ੀ ਹੈ, ਜਿਹੜਾ ਧਰਮ ਅਗਿਆਨੀ ਨੂੰ ਅਗਿਆਨੀ ਅਤੇ ਗ਼ਰੀਬ ਨੂੰ ਗ਼ਰੀਬ ਬਣੇ ਰਹਿਣ ਲਈ ਮਜ਼ਬੂਰ ਕਰਦਾ ਹੈ, ਉਹ ਧਰਮ ਨਹੀਂ ਬਲਕਿ, ਇੱਕ ਮੁਸੀਬਤ ਹੈ, ਇੱਕ



ਪ੍ਰੋ.ਫ਼ੈਸਰ ਮਨਜੀਤ ਤਿਆਗੀ

ਆਫ਼ਤ ਹੈ।ਉਨ੍ਹਾਂ ਦੇ ਧਰਮ ਪਰਿਵਰਨ ਦੇ ਐਲਾਨ ਨੇ ਉੱਚ ਵਰਗੀ ਹਿੰਦੂਆਂ ਦੀ ਸਮਾਜਿਕ ਸੋਚ ਨੂੰ ਜਗਾਉਂਦਿਆਂ ਉਨ੍ਹਾਂ ਵੱਲੋਂ ਦਲਿਤਾਂ ਨਾਲ ਕੀਤੇ ਸਦੀਆਂ ਲੰਮੇ ਵਿਹਾਰ ਬਾਰੇ ਸੋਚਣ ਲਈ ਮਜ਼ਬੂਰ ਕੀਤਾ। ਇਸੇ ਦੌਰਾਨ ਮੈਸੂਰ ਪ੍ਰਾਂਤ ਦੀ ਸਰਕਾਰ ਨੇ ਇਤਿਹਾਸ ਵਿੱਚ ਪਹਿਲੀ ਵਾਰ ਐਲਾਨ ਕੀਤਾ ਸੀ ਕਿ ਦਲਿਤ ਦਰਬਾਰ ਰਸਮਾਂ ਵਿੱਚ ਭਾਗ ਲੈ ਸਕਦੇ ਹਨ। ਇਸ ਐਲਾਨ ਤੋਂ ਬਾਅਦ ਹੀ ਟਰਾਵਨਕੋਰ ਪ੍ਰਾਂਤ ਦੀ ਸਰਕਾਰ ਵੱਲੋਂ 1600 ਮੰਦਰਾਂ ਵਿੱਚ ਅਛੂਤਾਂ ਲਈ ਪ੍ਰਵੇਸ਼ ਲਈ ਖੁੱਲ੍ਹ ਦਾ ਐਲਾਨ ਕੀਤਾ ਗਿਆ। ਇਸ ਐਲਾਨ ਦਾ ਪ੍ਰਭਾਵ ਐਨਾ ਜ਼ਿਆਦਾ ਸੀ ਕਿ ਉਸ ਸਮੇਂ ਦੇ ਕਾਂਗਰਸ ਦੇ ਪ੍ਰਧਾਨ ਜਵਾਹਰ ਲਾਲ ਨਹਿਰੂ, ਜਿੰਨ੍ਹਾਂ ਨੂੰ ਅਛੂਤਾਂ ਦੀ ਕੋਈ ਪ੍ਰਵਾਹ ਨਹੀਂ ਸੀ, ਵੀ ਇਹ ਐਲਾਨ ਸੁਣ ਕੇ ਪ੍ਰਭਾਵਿਤ ਹੋਏ।ਧਰਮ ਪਰਿਵਰਤਨ ਦੇ ਐਲਾਨ ਤੋਂ ਮਗਰੋਂ ਡਾ. ਅੰਬੇਡਕਰ ਹਿੰਦੂ ਧਰਮ ਦੇ ਵਿਕਲਪਾਂ ਦੀ ਭਾਲ ਸ਼ੁਰੂਆਤ ਕਰ ਦਿੱਤੀ। ਵੱਖ-ਵੱਖ ਧਰਮਾਂ ਦੇ ਅਗੂਆਂ ਨੇ ਅੰਬੇਡਕਰ ਨੂੰ ਆਪਣੇ ਆਪਣੇ ਧਰਮ ਵਿੱਚ ਆਉਣ ਲਈ ਪ੍ਰੇਰਿਆ। ਸਭ ਤੋਂ ਪਹਿਲਾਂ ਡਾ. ਅੰਬੇਡਕਰ ਦਾ ਸਿੱਖ ਧਰਮ ਪ੍ਰਤੀ ਝੁਕਾਅ ਸੀ। ਉਨ੍ਹਾਂ ਨੇ ਸਿੱਖ ਧਰਮ ਵਿੱਚ ਸ਼ਾਮਿਲ ਹੋਣ ਦੀ ਸੰਭਾਵਨਾ ’ਤੇ ਗੰਭੀਰਤਾ ਨਾਲ ਵਿਚਾਰ ਕੀਤਾ ਅਤੇ ਸਿੱਖ ਆਗੂਆਂ ਨਾਲ ਗੱਲਬਾਤ ਵੀ ਕੀਤੀ। ਅੰਬੇਡਕਰ ਨੇ ਆਪਣੇ ਬੇਟੇ ਯਸਵੰਤ ਅਤੇ ਭਤੀਜੇ ਸਮੇਤ ਪੈਰੋਕਾਰਾਂ ਦੇ ਇੱਕ ਸਮੂਹ ਨੂੰ ਸਿੱਖ ਧਰਮ ਦਾ ਅਧਿਐਨ ਕਰਨ ਲਈ ਅੰਮ੍ਰਿਤਸਰ ਭੇਜਿਆ। ਸਿੱਖ ਧਰਮ ਇੱਕ ਭਾਰਤੀ ਧਰਮ ਸੀ। ਇਸ ਦੀਆਂ ਬਰਾਬਰਤਾਵਾਦੀ ਪਰੰਪਰਾਵਾਂ ਸਨ, ਜਿਨ੍ਹਾਂ ਨੂੰ ਉਹ ਮਹੱਤਵਪੂਰਨ ਸਮਝਦੇ ਸਨ।

ਇਸੇ ਦੌਰਾਨ ਡਾ. ਅੰਬੇਡਕਰ ਨੇ ਹਿੰਦੂ ਮਹਾਸਭਾ ਦੇ ਪ੍ਰਧਾਨ ਡਾ. ਮੂੰਜੇ ਨਾਲ ਮੁਲਾਕਾਤ ਕੀਤੀ, ਅਤੇ ਇੱਕ ਬਿਆਨ ਜਾਰੀ ਕੀਤਾ ਜੋ ਬਾਅਦ ਵਿੱਚ ਐਮ.ਆਰ. ਜੈਕਰ, ਐਮ.ਸੀ. ਰਾਜਾ ਅਤੇ ਹੋਰ ਨੇਤਾਵਾਂ ਨੂੰ ਵੀ ਦਿੱਤਾ ਗਿਆ। ਦਿਲਚਸਪ ਗੱਲ ਇਹ ਹੈ ਕਿ ਡਾ. ਮੂੰਜੇ ਨੇ ਸ਼ਰਤੀਆ ਮਨਜ਼ੂਰੀ ਦਿੱਤੀ, ਜਦਕਿ ਗਾਂਧੀ ਨੇ ਸਿੱਖ ਧਰਮ ਵਿੱਚ ਤਬਦੀਲੀ ਦੀ ਸਪੱਸ਼ਟ ਨਿਖੇਧੀ ਕੀਤੀ।

1936 ਦੇ ਵਿਸਾਖੀ ਵਾਲੇ ਦਿਨ, ਅੰਬੇਡਕਰ ਨੇ ਅੰਮ੍ਰਿਤਸਰ ਵਿੱਚ ‘ਆਲ ਇੰਡੀਆ ਸਿੱਖ ਮਿਸ਼ਨ ਸੰਮੇਲਨ’ ਵਿੱਚ ਹਿੱਸਾ ਲਿਆ। ਇਸ ਸੰਮੇਲਨ ਵਿੱਚ ਕੇਰਲ, ਉੱਤਰ ਪ੍ਰਦੇਸ਼ ਅਤੇ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਪੈਰੋਕਾਰ ਸ਼ਾਮਿਲ ਹੋਏ। ਇਸ ਮੌਕੇ ਡਾ. ਅੰਬੇਡਕਰ ਨੇ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਿਤ ਕਰਦਿਆਂ ਆਪਣੇ ਸੰਖੇਪ ਭਾਸ਼ਣ ਵਿੱਚ ਦੱਸਿਆ ਕਿ ਉਨ੍ਹਾਂ ਨੇ ਹਿੰਦੂ ਧਰਮ ਤਿਆਗਣ ਦਾ ਫ਼ੈਸਲਾ ਕੀਤਾ ਹੈ, ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਉਹ ਕਿਸ ਧਰਮ ਵੱਲ ਜਾਣਗੇ।

ਅੰਬੇਡਕਰ ਦੀਆਂ ਵੱਧਦੀਆਂ ਗਤੀਵਿਧੀਆਂ ਨੇ ਸਮਾਜਿਕ ਹਲਚਲ ਤੇਜ ਕਰ ਦਿੱਤੀ। ਇਸ ਸਮੇਂ ਦੌਰਾਨ ਹੀ ਡਾ. ਅੰਬੇਡਕਰ ਨੂੰ ‘ਜਾਤਪਾਤ ਤੋੜਕ ਮੰਡਲ’ ਲਾਹੌਰ ਵੱਲੋਂ ਆਪਣੇ ਸਲਾਨਾ ਇਜਲਾਸ ਦੀ ਪ੍ਰਧਾਨਗੀ ਕਰਨ ਦਾ ਸੱਦਾ-ਪੱਤਰ ਮਿਲਿਆ। ਉਨ੍ਹਾਂ ਵੱਲੋਂ ‘ਜਾਤਪਾਤ ਤੋੜਕ ਮੰਡਲ’ ਦੇ ਇਜਲਾਸ ਦੀ ਪ੍ਰਧਾਨਗੀ ਦੀ ਖ਼ਬਰ ਤੇਜ਼ੀ ਨਾਲ ਫ਼ੈਲ ਗਈ। ਕਈ ਕੱਟੜ ਹਿੰਦੂ ਲੀਡਰਾਂ ਨੇ ਇਸ ਗੱਲ ਦਾ ਵਿਰੋਧ ਕਰਦਿਆਂ ਕਿਹਾ ਕਿ ਅੰਬੇਡਕਰ ਖੁੱਲੇਆਮ ਹਿੰਦੂ ਧਰਮ ਦੀ ਅਲੋਚਨਾ ਕਰਦਾ ਹੈ, ਇਸ ਕਰਕੇ ਉਹ ਤਾਂ ਹਿੰਦੂ ਧਰਮ ਦਾ ਕੱਟੜ ਵਿਰੋਧੀ ਹੈ। ‘ਜਾਤ-ਪਾਤ ਤੋੜਕ ਮੰਡਲ’ ਨੇ ਇਸ ਸੰਮੇਲਨ ਅੱਗੇ ਪਾ ਦਿੱਤਾ। ਉਹ ਚਾਹੁੰਦੇ ਸਨ ਕਿ ਅੰਬੇਡਕਰ ਆਪਣੇ ਭਾਸ਼ਣ ਵਿੱਚੋਂ ਵੇਦਾਂ ਦੀ ਆਲੋਚਨਾ ਵਾਲੇ ਕੁੱਝ ਹਿੱਸੇ ਹਟਾਉਣ, ਪਰ ਅੰਬੇਡਕਰ ਨੇ ਕਿਹਾ ਕਿ ਉਹ ਤਾਂ ਕੌਮਾਂ ਹਟਾਉਣ ਲਈ ਵੀ ਤਿਆਰ ਨਹੀਂ। ਇਸ ਤੋਂ ਬਾਅਦ ਉਨ੍ਹਾਂ ਨੇ ਇਸ ਭਾਸ਼ਣ ਨੂੰ ਕਿਤਾਬ ਦੇ ਰੂਪ ਵਿੱਚ ਆਪਣੇ ਖ਼ਰਚੇ ’ਤੇ ਛਪਵਾਇਆ। ਇਸ ਕਿਤਾਬ ਦਾ ਨਾਮ ਸੀ ‘ਜਾਤਪਾਤ ਦਾ ਬੀਜਨਾਸ਼’(Annihilaiton of Cast)। ਇਸ ਵਿੱਚ ਉਨ੍ਹਾਂ ਨੇ ਕਿਹਾ, ‘ਸਿੱਖਾਂ ਦੀ ਰਾਜਨੀਤਿਕ ਕ੍ਰਾਂਤੀ ਤੋਂ ਪਹਿਲਾਂ ਗੁਰੂ ਨਾਨਕ ਦੁਆਰਾ ਧਾਰਮਿਕ ਅਤੇ ਸਮਾਜਿਕ ਕ੍ਰਾਂਤੀ ਹੋਈ ਸੀ।’ ਮਹਾਰਾਸ਼ਟਰ ਦੀ ਭਗਤੀ ਲਹਿਰ (ਇਹ ਲਹਿਰ ਤੇਰਵੀਂ ਸਦੀ ਤੋਂ ਲੈ ਕੇ ਸਤਾਰਵੀਂ ਸਦੀ ਤੱਕ ਮਹਾਰਾਸ਼ਟਰ ਵਿੱਚ ਚੱਲੀ) ਦੇ ਸੁਧਾਰਾਂ ਦੇ ਉਲਟ, ਸਿੱਖ ਧਰਮ ਨੂੰ ਉਹ ਕ੍ਰਾਂਤੀਕਾਰੀ ਮੰਨਦੇ ਸਨ। ਡਾ. ਅੰਬੇਡਕਰ ਦਾ ਤਰਕ ਸੀ ਕਿ ਮਨ ਦੀ ਮੁਕਤੀ ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀ ਤੋਂ ਪਹਿਲਾਂ ਹੋਣੀ ਚਾਹੀਦੀ ਹੈ। ਰਾਜਨੀਤਿਕ ਕ੍ਰਾਂਤੀਆਂ ਹਮੇਸ਼ਾ ਸਮਾਜਿਕ ਅਤੇ ਧਾਰਮਿਕ ਕ੍ਰਾਂਤੀਆਂ ਤੋਂ ਪਹਿਲਾਂ ਹੁੰਦੀਆਂ ਹਨ।ਉਸ ਸਮੇਂ ਉਨ੍ਹਾਂ ਦਾ ਸਿੱਖ ਧਰਮ ਵੱਲ ਝੁਕਾਅ ਦੇ ਕਾਰਨਾਂ ਬਾਰੇ ਬਿਆਨ ਵੀ ਦਿਲਚਸਪ ਹੈ। “ਹਿੰਦੂਆਂ ਦੇ ਦ੍ਰਿਸ਼ਟੀਕੋਣ ਤੋਂ ਇਹਨਾਂ ਵਿਕਲਪਾਂ ਨੂੰ ਸਿਰਫ਼ ਦੇਖਦਿਆਂ, ਕਿਹੜਾ ਸਭ ਤੋਂ ਵਧੀਆ ਹੈ, ਇਸਾਈ ਧਰਮ, ਇਸਲਾਮ ਜਾਂ ਸਿੱਖ ਧਰਮ? ਸਪੱਸ਼ਟ ਤੌਰ ’ਤੇ ਸਿੱਖ ਧਰਮ। ਜੇਕਰ ਦਬੇ ਹੋਏ ਵਰਗ ਇਸਲਾਮ ਜਾਂ ਇਸਾਈ ਧਰਮ ਅਪਣਾਉਂਦੇ ਹਨ, ਤਾਂ ਉਹ ਨਾ ਸਿਰਫ਼ ਹਿੰਦੂ ਧਰਮ ਤੋਂ ਬਾਹਰ ਨਿਕਲਦੇ ਹਨ, ਸਗੋਂ ਹਿੰਦੂ ਸੱਭਿਆਚਾਰ ਤੋਂ ਵੀ ਬਾਹਰ ਹੋ ਜਾਂਦੇ ਹਨ। ਦੂਜੇ ਪਾਸੇ, ਜੇਕਰ ਉਹ ਸਿੱਖ ਬਣਦੇ ਹਨ, ਤਾਂ ਉਹ ਹਿੰਦੂ ਸੱਭਿਆਚਾਰ ਦੇ ਅੰਦਰ ਰਹਿੰਦੇ ਹਨ। ਇਹ ਹਿੰਦੂਆਂ ਲਈ ਛੋਟਾ ਫ਼ਾਇਦਾ ਨਹੀਂ ਹੈ। ਇਸਲਾਮ ਜਾਂ ਈਸਾਈ ਧਰਮ ਵਿੱਚ ਤਬਦੀਲੀ ਦੱਬੇ ਹੋਏ ਵਰਗਾਂ ਨੂੰ ਰਾਸ਼ਟਰੀ ਪੱਧਰ ’ਤੇ ਵੱਖਰਾ ਕਰ ਦੇਵੇਗੀ। ਜੇਕਰ ਉਹ ਇਸਲਾਮ ਵੱਲ ਜਾਂਦੇ ਹਨ, ਤਾਂ ਮੁਸਲਮਾਨਾਂ ਦੀ ਗਿਣਤੀ ਦੁੱਗਣੀ ਹੋ ਜਾਵੇਗੀ ਅਤੇ ਮੁਸਲਿਮ ਦਬਦਬੇ ਦਾ ਖ਼ਤਰਾ ਵੀ ਜ਼ਿਆਦਾ ਹੋ ਜਾਵੇਗਾ। ਜੇਕਰ ਉਹ ਇਸਾਈ ਧਰਮ ਵੱਲ ਜਾਂਦੇ ਹਨ, ਤਾਂ ਇਹ ਬ੍ਰਿਟੇਨ ਦੇ ਦੇਸ਼ ’ਤੇ ਕਬਜ਼ੇ ਨੂੰ ਮਜ਼ਬੂਤ ਕਰੇਗਾ।”

ਕੁੱਝ ਸਮੇਂ ਬਾਅਦ ਅੰਬੇਡਕਰ ਅਤੇ ਪ੍ਰਮੁੱਖ ਸਿੱਖ ਆਗੂ ਮਾਸਟਰ ਤਾਰਾ ਸਿੰਘ ਵਿਚਕਾਰ ਕੁੱਝ ਮੱਤ-ਭੇਦ ਪੈਦਾ ਹੋਏ, ਜਿਨ੍ਹਾਂ ਨੂੰ ਯਕੀਨ ਸੀ ਕਿ ਅੰਬੇਡਕਰ ਦੀ ਧਾਰਮਿਕ ਤਬਦੀਲੀ ਉਸ ਦੀ ਰਾਜਨੀਤਕ ਸ਼ਕਤੀ ਵੀ ਵਧਾ ਦੇਵੇਗੀ, ਅਛੂਤਾਂ ਦੀ ਵਿਸ਼ਾਲ ਗਿਣਤੀ ਮੌਜੂਦਾ ਸਿੱਖਾਂ ਨੂੰ ਪਛਾੜ ਸਕਦੀ ਸੀ ਤੇ ਸਿੱਖ ਰਾਜਨੀਤੀ ’ਤੇ ਪ੍ਰਭਾਵ ਪਾ ਸਕਦਾ ਸੀ। ਅੰਬੇਡਕਰ ਚਾਹੁੰਦੇ ਸਨ ਕਿ ਉਨ੍ਹਾਂ ਦੇ ਪੈਰੋਕਾਰਾਂ ਨੂੰ ਸਮਾਜਿਕ ਸਤਿਕਾਰ ਅਤੇ ਰਾਜਨੀਤਕ ਅਧਿਕਾਰ ਮਿਲਣ।

(ਚਲਦਾ)

# "ਜੀਵਨ ਦੇ ਵੱਖ ਵੱਖ ਪਹਿਲੂਆਂ ਦਾ ਵਿਸ਼ਲੇਸ਼ਣ -ਮਸੀਹਾ"

**ਪੁਸਤਕ ਦਾ ਨਾਂ - ਮਸੀਹਾ**
**(ਮਨੁੱਖੀ ਜੀਵਨ ਦੇ 26 ਪੜਾਅ: ਕਾਵਿਕ ਅਤੇ ਦਾਰਸ਼ਨਿਕ ਵਿਚਾਰ)**
**ਲੇਖਕ - ਖ਼ਲੀਲ ਜਿਬਰਾਨ**
**ਅਨੁਵਾਦ -**
**ਰਵਿੰਦਰ ਸਿੰਘ ਸੋਢੀ**
**ਪੰਨੇ - 79**
**ਕੀਮਤ - 250/- ਰੁਪਏ**
**ਪ੍ਰਕਾਸ਼ਕ -**
**ਜੇਪੀ ਪ੍ਰਕਾਸ਼ਨ, ਪਟਿਆਲਾ।**
**ਰਿਵਿਊਕਾਰ -**
**ਤੇਜਿੰਦਰ ਚੰਡਿਹੋਕ**

ਬਹੁ ਵਿਧਾਵੀ ਪ੍ਰਵਾਸੀ ਲੇਖਕ ਰਵਿੰਦਰ ਸਿੰਘ ਸੋਢੀ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ ਕਿਉਂਕਿ ਉਸ ਨੇ ਹੁਣ ਤੱਕ ਕਵਿਤਾ, ਕਹਾਣੀ, ਨਾਟਕ ਤੋਂ ਇਲਾਵਾ ਖੋਜ ਕਾਰਜ, ਆਲੋਚਨਾ, ਸੰਪਾਦਨਾ, ਅਨੁਵਾਦ ਅਤੇ ਬੱਚਿਆਂ ਦੀਆਂ ਪੁਸਤਕ ਸਿਰਜਣਾ ਲਈ ਕੰਮ ਕੀਤਾ ਹੈ ਅਤੇ ਨਿਰੰਤਰ ਸਾਹਿਤ ਦੇ ਖੇਤਰ ਨਾਲ ਜੁੜਿਆ ਹੋਇਆ ਹੈ। ਹਥਲੀ ਪੁਸਤਕ " ਮਸੀਹਾ " (ਮਨੁੱਖੀ ਜੀਵਨ ਦੇ 26 ਪੜਾਅ: ਕਾਵਿਕ ਅਤੇ ਦਾਰਸ਼ਨਿਕ ਵਿਚਾਰ) ਉਸ ਦੀ ਤੀਜੀ ਅਨੁਵਾਦਿਤ ਪੁਸਤਕ ਹੈ ਜਿਹੜੀ ਖ਼ਲੀਲ ਜਿਬਰਾਨ ਦੀ ਲਿਖੀ ਹੋਈ ਹੈ। ਇਸ ਤੋਂ ਪਹਿਲਾਂ ਮਰਾਠੀ ਨਾਟਕ ਅਤੇ ਅੰਗਰੇਜ਼ੀ ਕਹਾਣੀਆਂ ਦਾ ਅਨੁਵਾਦ ਕਰ ਚੁੱਕਾ ਹੈ। ਇਹ ਪੁਸਤਕ ਉਸ ਨੇ ਆਪਣੀ ਭੂਆ ਨੂੰ ਸਮਰਪਿਤ ਕੀਤੀ ਹੈ ਜਦੋਂ ਕਿ ਅਜੋਕੀ ਪੀੜ੍ਹੀ ਤਕਰੀਬਨ ਰਿਸ਼ਤਿਆਂ ਨੂੰ ਵਿਸਾਰਦੀ ਜਾ ਰਹੀ ਹੈ। ਜਦੋਂ ਅਸੀਂ ਹਥਲੀ ਪੁਸਤਕ ਦੀ ਗੱਲ ਕਰੀਏ ਤਾਂ ਇਹ ਉਸ ਪੁਸਤਕ ਦਾ ਅਨੁਵਾਦ ਹੈ ਜਿਹੜੀ ਅੱਜ ਤੋਂ ਕਰੀਬ 103 ਸਾਲ ਪਹਿਲਾਂ ਖ਼ਲੀਲ ਜਿਬਰਾਨ ਨੇ " ਦੀ ਪ੍ਰੋਫਿਟ " ਦੇ ਸਿਰਲੇਖ ਹੇਠ 1923 ਵਿਚ ਲਿਖੀ ਹੋਈ ਹੈ। ਇਸ ਪੁਸਤਕ ਵਿੱਚ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਦੇ 28 ਕਾਵਿਕ ਲੇਖ ਦਰਜ ਹਨ। ਜਿਵੇਂ ਵਿਆਹ, ਔਲਾਦ, ਖਾਣ ਪੀਣ, ਦੁੱਖ ਸੁੱਖ, ਕਾਨੂੰਨ, ਦੋਸਤੀ, ਧਰਮ ਅਤੇ ਮੌਤ ਆਦਿ ਦੇ ਹਨ। ਇਸ ਪੁਸਤਕ ਵਿੱਚ ਖ਼ਲੀਲ ਜਿਬਰਾਨ ਆਪ ਇੱਕ ਅਲਮੁਸਤਫਾ ਦੇ ਪਾਤਰ ਵਜੋਂ ਹਾਜ਼ਰ ਹੁੰਦਾ ਹੈ ਅਤੇ ਅਲਮਿੱਤਰਾ ਸਹਿ ਪਾਤਰ ਵਜੋਂ ਵਿਚਰਦੀ ਹੈ। ਪੁਸਤਕ ਵਿਚ ਅਨੁਵਾਦਕ ਨੇ ਕਿਸੇ ਵੀ ਰਚਨਾ ਨੂੰ ਅਨੁਵਾਦ ਕਰਨ ਦੇ ਢੰਗ ਤਰੀਕਿਆਂ ਦਾ ਆਪਣੇ ਹਿਸਾਬ ਨਾਲ ਆਪਣੇ ਮੁੱਖ ਬੰਦ ਵਿੱਚ ਅਨੁਭਵ, ਵਿਚਾਰ ਨਾਲ ਪ੍ਰਭਾਸ਼ਿਤ ਕੀਤਾ ਹੈ। ਇਸ ਤੋਂ ਇਲਾਵਾ ਖ਼ਲੀਲ ਜਿਬਰਾਨ ਬਾਰੇ ਵਿਸਤ੍ਰਿਤ ਜਾਣਕਾਰੀ ਵੀ ਮੁੱਹੀਆ ਕਰਵਾਈ ਹੈ। ਇਸ ਪੁਸਤਕ ਨਾਲ ਉਸ ਨੇ ਇਕ ਵੱਖਰਾ ਤਜਰਬਾ ਕੀਤਾ ਹੈ ਕਿ ਕਾਵਿਕ ਵਿਚਾਰਾਂ ਨੂੰ ਵਾਰਤਕ ਵਾਂਗ ਵਰਤਿਆ ਹੈ। ਭਾਵ ਪੁਸਤਕ ਦਿੱਖ ਵਜੋਂ ਇੱਕ ਵਾਰਤਕ ਪੁਸਤਕ ਜਾਪਦੀ ਹੈ।

ਪੁਸਤਕ ਦਾ ਕਾਵਿਕ ਲੇਖ ਪਿਆਰ ਬਾਰੇ ਵਿਚਾਰ ਦਿੱਤਾ ਹੈ ਕਿ ਸਵਾਏ ਆਪਣੀ ਪੂਰਤੀ ਦੇ ਪਿਆਰ ਦੀ ਕੋਈ ਇੱਛਾ ਨਹੀਂ ਹੁੰਦੀ। 'ਰੱਬ ਦਿਲ ਵਿੱਚ ਦੀ ਥਾਂ ਕਹੋ ਮੈਂ ਹਾਂ ਰੱਬ ਦੇ ਦਿਲ ਵਿੱਚ।' ਪਿਆਰ ਵਿੱਚ ਵਿਸ਼ਵਾਸ ਅਤੇ ਆਪਣੇ ਅੰਦਰ ਪਿਆਰ ਇਕੱਠਾ ਕਰਨਾ ਹੈ। ਪਿਆਰ ਵਿੱਚ ਮੁਸ਼ਕਿਲ ਦੀ ਰਾਹ, ਤਾਜ ਅਤੇ ਸੂਲੀ ਚੜ੍ਹਨ ਅਤੇ ਦਿਲ ਦਾ ਪਤਾ ਲਾਉਣ ਦੀ ਗੱਲ ਆਖੀ ਗਈ ਹੈ। ਇਵੇਂ ਹੀ ਵਿਆਹ ਵਿੱਚ ਦਿਲ ਨੂੰ ਜ਼ਿੰਦਗੀ ਦੇ ਹਵਾਲੇ ਕਰਨ ਅਤੇ ਔਲਾਦ ਦਾ ਆਪਣੀ ਸੋਚ ਦੇ ਮਾਲਕ, ਆਸ ਅਤੇ ਜ਼ਿੰਦਗੀ ਪਿੱਛੇ ਨਹੀਂ ਮੁੜਦੀ ਦੀ ਗੱਲ ਕੀਤੀ ਗਈ ਹੈ। ਜਿਬਰਾਨ ਕਦੇ ਅਮੀਰ ਆਦਮੀ, ਬਜ਼ੁਰਗ, ਪੁਜਾਰੀ, ਕਿਸਾਨ, ਅਧਿਆਪਕ, ਵਿਗਿਆਨੀ, ਕਵੀ, ਜੁਲਾਹਾ ਤੇ ਮਿਸਤਰੀ ਬਣ ਕੇ ਸਵਾਲ ਕਰਦਾ ਹੈ ਅਤੇ ਫਿਰ ਉਹਨਾਂ ਸਵਾਲਾਂ ਦੇ ਜਵਾਬ ਦਿੰਦਾ ਨਜ਼ਰ ਆਉਂਦਾ ਹੈ। ਸੁੱਖਾਂ ਦੁੱਖਾਂ ਬਾਰੇ ਆਖਦਾ ਹੈ ਕਿ ਜੇਕਰ ਮਨੁੱਖ ਆਪਣੇ




ਦੁੱਖਾਂ ਦੇ ਪਰਦੇ ਤੋਂ ਬਾਹਰ ਆ ਜਾਵੇ ਤਾਂ ਖੁਸ਼ੀ ਪ੍ਰਾਪਤ ਕਰ ਸਕਦੇ ਹੈ। ਗਮਸ਼ੁਦਾ ਜ਼ਿੰਦਗੀ ਵਿੱਚੋ ਬਾਹਰ ਨਿਕਲਣ ਲਈ ਵੱਖ ਵੱਖ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ। ਵਿਅਕਤੀ ਖੁਸ਼ੀ ਗਮੀ ਨੂੰ ਤਕੜੀ ਦੇ ਛਾਬਿਆਂ ਵਾਂਗ ਉਪਰ ਥੱਲੇ ਹੁੰਦਾ ਰਹਿੰਦਾ ਵਿਚਰਦਾ ਹੈ। ਦੁੱਖ ਸੁੱਖ ਦੀ ਭਾਵਨਾ ਤੋਂ ਦੂਰ ਹੋਣ ਤੇ ਹੀ ਸਥਿਰਤਾ ਬਣਦੀ ਹੈ। ਜੁਰਮ ਤੇ ਸਜਾ ਵਿਚ ਮਨੁੱਖਤਾ ਮਾਨਵੀ, ਅਣ ਮਾਨਵੀ, ਜਿਆਦਤੀ ਦਾ ਅਸਰ ਪੈਂਦਾ ਹੈ। ਮਨੁੱਖ ਦੀ ਅੰਤਰੀਵ ਆਤਮਾ ਜੁਰਮ, ਸਜ਼ਾ, ਬੇਕਸੂਰ, ਨਿਰਦੋਸ਼ ਅਤੇ ਬੇਵਫਾਈ ਬਾਰੇ ਜਾਣਦੀ ਹੈ। ਜ਼ਿੰਦਗੀ ਚੱਟਾਨ ਤੇ ਕਾਨੂੰਨ ਛੈਣੀ ਪ੍ਰਤੀਬਿੰਬ ਨਾਲ ਜੋੜਦਾ ਆਪਣੇ ਅੰਦਰ ਝਾਤੀ ਨਾ ਮਾਰਨ ਦੀ ਪ੍ਰਵਿਰਤੀ ਦੱਸਦਾ ਹੈ ਜਿਹੜੀ ਸੱਪ ਦੀ ਕੁੰਜ ਨਾਲ ਜੋੜਦਾ ਸੰਕਲਪ ਹੈ। ਇਵੇਂ ਹੀ ਆਜਾਦੀ ਦਾ ਭਾਵ ਫਿਕਰ, ਇੱਛਾਵਾਂ ਅਤੇ ਦੁੱਖਾਂ ਤੋਂ ਰਹਿਤ ਹੋਣ ਦਾ ਬਿਰਤਾਂਤ ਹੈ। ਉਸ ਅਨੁਸਾਰ ਮਨੁੱਖ ਦੇ ਬਹੁਤੇ ਦਰਦ ਆਪੇ ਸਹੇੜੇ ਹੁੰਦੇ ਹਨ। ਇਹਨਾਂ ਦਾ ਇਲਾਜ ਡਾਕਟਰ ਤੇ ਵਿਸ਼ਵਾਸ ਰੱਖ ਕੇ ਦਵਾਈ ਲੈਣ ਵਿੱਚ ਹੈ। ਦੋਸਤ ਦਾ ਕੰਮ ਲੋੜਾਂ ਪੂਰੀਆਂ ਕਰਨਾ ਹੁੰਦਾ ਹੈ। ਦੋਸਤ ਤੋਂ ਨਿੱਘ, ਪਿਆਰ, ਅਪਣੱਤ ਅਤੇ ਸਾਥ ਦਾ ਮਿਲਣਾ ਹੁੰਦਾ ਹੈ। ਪੁਸਤਕ ਵਿਚ ਮਿੱਤਰਤਾ ਦਾ ਮਕਸਦ ਵੀ ਦੱਸਿਆ ਗਿਆ ਹੈ।

ਮੌਤ ਤੇ ਵਿਚਾਰ ਪੇਸ਼ ਕਰਦਿਆਂ ਦੱਸਿਆ ਹੈ ਕਿ ਸਮੁੰਦਰ ਅਤੇ ਦਰਿਆ ਵਾਂਗ ਇੱਕ ਹੀ ਹਨ ਜ਼ਿੰਦਗੀ ਤੇ ਮੌਤ। ਸਾਹਾਂ ਦਾ ਰੁਕ ਜਾਣਾ ਅਤੇ ਰੱਬ ਨਾਲ ਇੱਕ ਮਿੱਕ ਹੋ ਜਾਣਾ ਹੀ ਹੈ ਮੌਤ। ਪੁਸਤਕ ਵਿਚਲਾ ਆਖ਼ਰੀ ਵਿਚਾਰ ਅਲਵਿਦਾ ਪਹਿਲੇ ਵਿਚਾਰ ਜਹਾਜ਼ ਦਾ ਆਉਣਾ ਨਾਲ ਲੜੀ ਜੋੜਦਾ ਹੈ ਜਦੋਂ ਲਿਖਦਾ ਹੈ ਕਿ ਉਸ ਨੇ ਮਲਾਹ ਨੂੰ ਇਸ਼ਾਰਾ ਕੀਤਾ, ਉਹਨਾਂ ਲੰਗਰ ਚੁੱਕ ਦਿੱਤਾ। ਖੋਲ੍ਹ ਦਿੱਤੇ ਜਹਾਜ਼ ਦੇ ਸੰਗਲ ਅਤੇ ਪੂਰਬ ਪਾਸੇ ਨੂੰ ਚਲ ਪਏ।

ਪੁਸਤਕ ਵਿਚਲੇ ਹੋਰ ਵਿਚਾਰ ਦਾਨ, ਕੱਪੜੇ,ਸਮਝ ਤੇ ਜਜ਼ਬਾਤ, ਆਤਮ ਗਿਆਨ, ਅੱਛਾਈ ਅਤੇ ਬੁਰਾਈ, ਖੂਬਸੂਰਤੀ ਆਦਿ ਵੀ ਬਹੁ ਮੁੱਲੇ ਵਿਚਾਰ ਹਨ। ਅਨੁਵਾਦਕ ਇਸ ਮਿਹਨਤ ਲਈ ਮੁਬਾਰਕਬਾਦ ਦਾ ਹੱਕਦਾਰ ਹੈ। ਪੁਸਤਕ ਦਾ ਸਵਾਗਤ ਹੈ।

**ਤੇਜਿੰਦਰ ਚੰਡਿਹੋਕ**
**ਸਾਬਕਾ ਏ ਐਸ ਪੀ**
**(ਰਾਸ਼ਟਰਪਤੀ ਤੋਂ ਐਵਾਰਡ ਪ੍ਰਾਪਤ)**
**ਸੰਸ. ਅਤੇ ਪ੍ਰਧਾਨ ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ।**

# ਪੰਜਾਬ ਤੇ ਚੰਡੀਗੜ੍ਹ ਵਿੱਚ ਤਿੰਨ ਦਿਨ ਚੱਲਣਗੀਆਂ ਤੇਜ਼ ਹਵਾਵਾਂ, ਮੀਂਹ ਪੈਣ ਦੀ ਕੋਈ ਉਮੀਦ ਨਹੀਂ

**ਚੰਡੀਗੜ੍ਹ।** ਪੰਜਾਬ ਅਤੇ ਚੰਡੀਗੜ੍ਹ ਵਿੱਚ ਦਿਨ ਵੇਲੇ ਨਿਕਲ ਰਹੀ ਤੇਜ਼ ਧੁੱਪ ਗਰਮੀ ਦਾ ਅਹਿਸਾਸ ਕਰਵਾ ਰਹੀ ਹੈ। ਹਾਲਾਂਕਿ, ਅੱਜ ਪਹਾੜਾਂ ਤੋਂ ਉੱਤਰ-ਪੱਛਮੀ ਹਵਾਵਾਂ ਚੱਲਣਗੀਆਂ, ਜਿਸ ਨਾਲ ਦਿਨ ਵੇਲੇ ਵੀ ਠੰਢਕ ਦਾ ਅਹਿਸਾਸ ਹੋ ਸਕਦਾ ਹੈ। ਮੌਸਮ ਖੁਸ਼ਕ ਰਹੇਗਾ। ਤਿੰਨ ਦਿਨ ਹਵਾਵਾਂ ਚੱਲਦੀਆਂ ਰਹਿਣਗੀਆਂ। ਪਿਛਲੇ 24 ਘੰਟਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ ਇੱਕ ਡਿਗਰੀ ਵਧਿਆ ਹੈ, ਜੋ ਹੁਣ ਆਮ ਨਾਲੋਂ 4.7 ਡਿਗਰੀ ਵੱਧ ਹੈ। ਪਟਿਆਲਾ ਵਿੱਚ ਸਭ ਤੋਂ ਵੱਧ ਤਾਪਮਾਨ 29.6 ਡਿਗਰੀ ਦਰਜ ਕੀਤਾ ਗਿਆ। 2 ਮਾਰਚ ਦੀ ਰਾਤ ਤੋਂ ਇੱਕ ਤਾਜ਼ਾ ਪੱਛਮੀ ਗੜਬੜੀ ਦੇ ਪੱਛਮੀ ਹਿਮਾਲੀਅਨ ਖੇਤਰ (ਜੰਮੂ ਅਤੇ ਕਸ਼ਮੀਰ, ਹਿਮਾ-ਚਲ ਪ੍ਰਦੇਸ਼ ਅਤੇ ਉੱਤਰਾਖੰਡ) ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਹੈ। ਇਸ ਨਾਲ ਉੱਥੇ ਮੌਸਮ ਬਦਲ ਸਕਦਾ ਹੈ, ਜਿਸ ਨਾਲ ਮੀਂਹ ਜਾਂ ਬਰਫ਼ਬਾਰੀ ਦੀ ਸੰਭਾਵਨਾ ਹੋ ਸਕਦੀ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰੇਂਦਰ ਪਾਲ ਦੇ ਅਨੁਸਾਰ, ਸੂਬੇ ਭਰ



ਵਿੱਚ ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ, ਭਾਵ ਮੀਂਹ ਨਹੀਂ ਪਵੇਗਾ। ਅਗਲੇ ਸੱਤ ਦਿਨਾਂ ਵਿਚ ਦਿਨ ਦੇ ਤਾਪਮਾਨ ਵਿਚ ਹੌਲੀ-ਹੌਲੀ 2 ਤੋਂ 4 ਡਿਗਰੀ ਸੈਲਸੀਅਸ ਵਾਧਾ ਹੋਣ ਦੀ ਉਮੀਦ ਹੈ। ਇਸ ਨਾਲ ਦਿਨ ਵੇਲੇ ਗਰਮੀ ਹੋਵੇਗੀ। ਅੱਜ, ਭਲਕੇ ਤੇ 2 ਮਾਰਚ ਨੂੰ ਸੂਬੇ ਭਰ ਵਿੱਚ ਤੇਜ਼ ਹਵਾਵਾਂ ਚੱਲਣ ਦੀ ਉਮੀਦ ਹੈ। ਇਨ੍ਹਾਂ ਦਿਨਾਂ ਵਿਚ ਹਵਾ ਦੀ ਗਤੀ ਵੱਧ ਰਹਿ ਸਕਦੀ ਹੈ, ਇਸ ਲਈ ਬਾਹਰ ਨਿਕਲਦੇ ਸਮੇਂ ਸਾਵਧਾਨੀ ਵਰਤੋ।

# ਖੁਸ਼ਗਵਾਰ ਮੌਸਮ ਸਦਾਬਹਾਰ ਦੇਸ਼ ਦਾ

ਆਸਟ੍ਰੇਲੀਆ ਇੱਕ ਸਦਾਬਹਾਰ ਦੇਸ਼ ਹੈ। ਚਾਰੇ ਪਾਸਿਓਂ ਸਮੁੰਦਰ ਅਤੇ ਛੋਟੇ ਛੋਟੇ ਟਾਪੂਆਂ ਫਿਜੀ,ਸਮੋਆ,ਟੌਂਗਾ, ਨਾਲ ਘਿਰਿਆ ਉੱਤਰ ਪੂਰਬ ਵਿੱਚ ਨਿਊਜ਼ੀਲੈਂਡ ਅਤੇ ਦੱਖਣ ਵਿਚ ਥੋੜਾ ਹੱਟਵਾਂ ਤਸਮਾਨੀਆ ਦਾ ਪਠਾਰੀਪਹਾੜੀ ਦੀਪ ਸਥਿਤ ਹੈ। ਦੱਖਣੀ ਧਰੁਵ ਨੇੜੇ ਹੋਣ ਕਾਰਨ ਸਰਦੀਆਂ ਵਿੱਚ ਬਰਫ ਨਾਲ ਢੱਕਿਆ ਰਹਿੰਦਾ ਹੈ।ਜਿਥੇ ਲੋਕ ਚੰਗਿਆਈਆਂ, ਪਰਉਪਕਾਰ ਵਾਲੇ ਪਾਸੇ ਲੱਗੇ ਹੋਣ, ਉਥੇ ਕੁਦਰਤ ਵੀ ਮਿਹਰਬਾਨ ਹੋ ਕੇ ਰਿਮਝਿਮ ਦੀ ਵਰਖਾ ਕਰਦੀ ਹੈ। ਕਦੀ ਧੁੱਪ ਕਦੀ ਛਾਂ ਦਾ ਨਜ਼ਾਰਾ ਦਿਖਾਉਂਦੀ ਹੈ।

ਰਿਮਝਿਮ ਵਰਖਾ ਨਿੱਕੀ ਨਿੱਕੀ ਕਣੀ ਦੀ ਸ਼ਰਸ੍ਹਾਰ ਕਰਦੀ ਹੋਈ,ਸਭ ਨੂੰ ਛਤਰੀਆਂ,ਰੇਨਕੋਟ, ਬਰਸਾਤੀਆਂ ਚੁੱਕਣ ਲਈ ਮਜਬੂਰ ਕਰਦੀ ਹੈ। ਜੰਗਲੀ ਜੀਵ ਜੰਤੂਆਂ ਲਈ ਖੇਤਰ ਸੁਰੱਖਿਅਤ ਹਨ। ਰਿਹਾਇਸ਼ੀ ਇਲਾਕਿਆਂ ਵਿੱਚ ਕਦੀ ਨਜ਼ਰ ਨਹੀਂ ਆਉਂਦੇ।ਵਣ ਵਿਭਾਗ ਦੇ ਵੱਡੇ ਛੋਟੇ ਕੇਂਦਰ ਜੰਗਲਾਂ ਵਿੱਚ ਹੀ ਬਣੇ ਹੁੰਦੇ ਹਨ। ਉਨ੍ਹਾਂ ਦੀ ਖੁਰਾਕ ਸੁਰੱਖਿਆ ਦਾ ਪੂਰਾ ਇੰਤਜ਼ਾਮ ਕਰਦੇ ਹਨ।ਜੇ ਕੋਈ ਜੀਵ ਜ਼ਖ਼ਮੀ ਹਾਲਤ ਵਿੱਚ ਮਿਲਦਾ ਹੈ, ਸੂਚਨਾ ਮਿਲਣ ਤੇ ਤੁਰੰਤ




ਕਾਰਵਾਈ ਕਰਦੇ ਹਨ।ਇਸ ਕਰਕੇ ਮੁੱਖ ਥਾਂਵਾਂ ਉੱਤੇ ਸੂਚਨਾ ਬੋਰਡ ਲੱਗੇ ਮਿਲਦੇ ਹਨ,ਕਿ ਜੰਗਲੀ ਜੀਵਾਂ ਜਾਨਵਰਾਂ ਨੂੰ ਕਿਸੇ ਵੀ ਪ੍ਰਕਾਰ ਦਾ ਖਾਣਾ ਦਾਣਾ ਪਾਉਣਾ ਵਰਜਿਤ ਹੈ।ਪਰ ਭਾਰਤੀ ਪਿਛੋਕੜ ਵਾਲਿਆਂ ਦੀ, ਕਿਸੇ ਕਿਸੇ ਦੀ ਫੀਡ ਪਾਉਣ ਦੀ ਆਦਤ ਨਹੀਂ ਜਾਂਦੀ।

ਮੌਸਮ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਤੱਤ ਵੀ ਮੌਜੂਦ ਹਨ, ਜਦੋਂ ਜਨਤਕ ਥਾਵਾਂ ਤੇ ਨੌਜਵਾਨ ਪੀੜ੍ਹੀ ਸ਼ਰੇਆਮ, ਸਿਗਰਟਨੋਸ਼ੀ ਕਰਦੀ ਹੈ। ਇਸ ਦੇਸ਼ ਦਾ ਇਹ ਨਕਾਰ-ਾਤਮਕ ਪੱਖ ਵੀ ਹੈ। ਜਿਹੜਾ ਆਉਣ ਵਾਲੇ ਸਮੇਂ ਵਿੱਚ ਬਸਿੰਦਿਆਂ ਲਈ ਭਿਆਨਕ ਸਾਬਤ ਹੋ ਸਕਦਾ ਹੈ। ਸਿੱਖ ਧਰਮ ਵਿੱਚ ਗੁਰੂ ਸਾਹਬਾਨ ਨੇ ਇਸੇ ਕਰਕੇ ਤੰਬਾਕੂ ਦੀ ਵਰਤੋਂ ਦੀ ਮਨਾਹੀ ਕੀਤੀ ਸੀ।ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ ਬ੍ਰਿਸਬੇਨ ਆਸਟ੍ਰੇਲੀਆ ਫੋਨ ਨੰਬਰ : 9878469639**


# ਪੁਸਤਕਾਂ ਦੀ ਐਡਵਰਟਾਈਜ਼ਮੈਂਟ

## ਗਿਆਨ ਅਤੇ ਦਾਨ ਨਾਲ-ਨਾਲ






















**ਹਾਸ-ਵਿਅੰਗ ਲੇਖਕ ਭਗਵਾਨ ਸਿੰਘ ਤੱਗੜ ਦੀਆਂ ਪੁਸਤਕਾਂ ਖਰੀਦਨ ਲਈ ਈ-ਮੇਲ ਰਾਹੀਂ ਜਾਂ ਫੋਨ ਰਾਹੀਂ ਸੰਪਰਕ ਕਰੋ ਜੀ, ਪੰਜਾਬੀ ਅਤੇ ਹਿੰਦੀ ਪੁਸਤਕਾਂ ਦੀ ਕੀਮਤ £5 +ਡਾਕ ਖਰਚ ਅਤੇ ਇੰਗਲਿਸ਼ ਨਾਵਲ £7+ਡਾਕ ਖਰਚ। ਇਹ ਪੁਸਤਕਾਂ ਦਾ ਪੈਸਾ ਕੈਂਸਰ ਅਤੇ ਅੱਖਾਂ ਦੀ ਚੇਰੀਟੀ ਨੂੰ ਭੇਜਿਆ ਜਵੇਗਾ।**

| | | |
|---|---|---|
| ਭਿਖਾਰੀ ਯੂਨੀਅਨ | ਪੰਜਾਬੀ ਹਾਸ ਵਿਅੰਗ | £5 |
| ਮੂਰਖਾਂ ਦੀ ਮਹਿਫਿਲ | ਪੰਜਾਬੀ ਹਾਸ ਵਿਅੰਗ | £5 |
| ਇਕ ਗਧੇ ਨਾਲ ਮੁਲਾਕਾਤ | ਪੰਜਾਬੀ ਹਾਸ ਵਿਅੰਗ | £5 |
| ਜਵਾਲਾਮੁਖੀ | ਪੰਜਾਬੀ ਨਾਵਲ | £5 |
| ਫਲੈਟ ਤੋਂ ਫਲੈਟ ਤੱਕ | ਪੰਜਾਬੀ ਕਹਾਨੀ | £5 |
| ਗਾਇਕ ਬੇਸੁਰਾ ਜੀ ਸੇ ਸਾਕਸ਼ਾਤਕਾਰ | ਹਿੰਦੀ ਹਾਸ ਰਸ | £5 |
| ਅਖਿਲ ਭਾਰਤੀਅ ਖਿਚੜੀ ਸੱਮੇਲਨ | ਹਿੰਦੀ ਹਾਸ ਰਸ | £5 |
| ਵੋਲਕੈਨੋ | ਇੰਗਲਿਸ਼ ਸੋਸ਼ਲ ਨਾਵਲ | £7 |
| ਇਰੈਡੀਚੇਸ਼ਨ ਔਫ਼ ਈਵਲ ਨਾਵਲ | ਕਰਾਈਮ ਥਰਿਲਰ | £7 |

# ਮਾਰਕ ਕਾਰਨੀ ਦਾ ਭਾਰਤ ਦੌਰਾ ਸਿੱਖਿਆ, ਖੋਜ, ਨਵੀਨਤਾ ਅਤੇ ਏਆਈ 'ਤੇ ਜ਼ੋਰ ਦੇਵੇਗਾ

ਪ੍ਰਧਾਨ ਮੰਤਰੀ, ਮਾਰਕ ਕਾਰਨੀ, 26 ਫਰਵਰੀ ਤੋਂ 7 ਮਾਰਚ, 2026 ਤੱਕ ਭਾਰਤ, ਆਸਟ੍ਰੇਲੀਆ ਅਤੇ ਜਾਪਾਨ ਦੀ ਯਾਤਰਾ ਕਰਨਗੇ, ਤਾਂ ਜੋ ਵਪਾਰ, ਊਰਜਾ, ਤਕਨਾਲੋਜੀ ਅਤੇ ਰੱਖਿਆ ਵਿੱਚ ਕੈਨੇਡੀਅਨ ਕਾਮਿਆਂ ਅਤੇ ਕਾਰੋਬਾਰਾਂ ਲਈ ਨਵੇਂ ਮੌਕੇ ਖੋਲ੍ਹੇ ਜਾ ਸਕਣ। ਕੈਨੇਡਾ ਦੇ ਤਿੰਨ ਸਭ ਤੋਂ ਮਜ਼ਬੂਤ ਇੰਡੋ-ਪੈਸੀਫਿਕ ਭਾਈਵਾਲਾਂ ਦੇ ਇਨ੍ਹਾਂ ਦੌਰਿਆਂ ਰਾਹੀਂ, ਪ੍ਰਧਾਨ ਮੰਤਰੀ ਖੇਤਰੀ ਸਬੰਧਾਂ ਨੂੰ ਹੋਰ ਡੂੰਘਾ ਕਰਨਗੇ ਜੋ ਕੈਨੇਡੀਅਨ ਸੁਰੱਖਿਆ ਅਤੇ ਖੁਸ਼ਹਾਲੀ ਲਈ ਮਹੱਤਵਪੂਰਨ ਹਨ।

ਪ੍ਰਧਾਨ ਮੰਤਰੀ ਕਾਰਨੀ ਪਹਿਲਾਂ ਮੁੰਬਈ, ਫਿਰ ਨਵੀਂ ਦਿੱਲੀ, ਭਾਰਤ ਦਾ ਦੌਰਾ ਕਰਨਗੇ, ਜਿੱਥੇ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨਗੇ। ਨੇਤਾ ਵਪਾਰ, ਊਰਜਾ, ਤਕਨਾਲੋਜੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ), ਪ੍ਰਤਿਭਾ ਅਤੇ ਸੱਭਿਆਚਾਰ, ਅਤੇ ਰੱਖਿਆ ਵਿੱਚ ਮਹੱਤਵਾਕਾਂਖੀ ਨਵੀਆਂ ਭਾਈਵਾਲੀ ਦੇ ਨਾਲ, ਕੈਨੇਡਾ-ਭਾਰਤ ਸਬੰਧਾਂ ਨੂੰ ਉੱਚਾ ਚੁੱਕਣ ਅਤੇ ਹੋਰ ਵਧਾਉਣ ਦੇ ਨਾਲ ਨਾਲ ਸੁਖਾਵਾਂ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਗੇ। ਉਹ ਕੈਨੇਡਾ ਵਿੱਚ ਨਿਵੇਸ਼ ਦੇ ਮੌਕਿਆਂ ਦੀ ਪਛਾਣ ਕਰਨ ਅਤੇ ਦੋਵਾਂ ਦੇਸ਼ਾਂ ਵਿੱਚ ਕਾਰੋਬਾਰਾਂ ਵਿਚਕਾਰ ਨਵੀਂ ਭਾਈਵਾਲੀ ਬਣਾਉਣ ਲਈ ਵਪਾਰਕ ਨੇਤਾਵਾਂ ਨਾਲ ਮੁਲਾਕਾਤ ਕਰਨਗੇ।

ਪ੍ਰਧਾਂਨ ਮੰਤਰੀ ਕਾਰਨੀ ਦਾ ਕਹਿਣਾ ਹੈ ਕਿ ਕੈਨੇਡਾ ਕੋਲ ਉਹ ਹੈ ਜੋ ਦੁਨੀਆ ਚਾਹੁੰਦੀ ਹੈ - ਭਰਪੂਰ ਊਰਜਾ, ਮਹੱਤਵਪੂਰਨ ਖਣਿਜ, ਤਕਨਾਲੋਜੀ ਵਿੱਚ ਮੁਹਾਰਤ, ਅਤੇ ਵਿਸ਼ਵ ਪੱਧਰੀ ਪ੍ਰਤਿਭਾ। ਬਦਲਦੀ ਦੁਨੀਆਂ ਵਿੱਚ, ਅਸੀਂ ਆਪਣੀ ਤਾਕਤ ਵਿੱਚ ਨਿਵੇਸ਼ ਕਰ ਰਹੇ ਹਾਂ, ਆਪਣੇ ਵਪਾਰ ਵਿੱਚ ਵਿਭਿੰਨਤਾ ਲਿਆ ਰਹੇ ਹਾਂ, ਅਤੇ ਕੈਨੇਡਾ ਨੂੰ ਮਜ਼ਬੂਤ ਬਣਾਉਣ ਲਈ ਦੁਨੀਆ ਭਰ ਵਿੱਚ ਨਵੇਂ ਸਬੰਧਾਂ ਨਾਲ ਵਪਾਰ ਦੇ ਨਾਲ ਨਾਲ ਦੋਸਤੀ ਨੂੰ ਵੀ ਮਜਬੂਤ ਕਰ ਰਹੇ ਹਨ ਹਾਂ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ, "ਇੱਕ ਹੋਰ ਅਨਿਸ਼ਚਿਤ ਦੁਨੀਆਂ ਵਿੱਚ, ਕੈਨੇਡਾ ਇਸ ਗੱਲ 'ਤੇ ਕੇਂਦ੍ਰਿਤ ਹੈ ਕਿ ਅਸੀਂ ਕੀ ਕੰਟਰੋਲ ਕਰ ਸਕਦੇ ਹਾਂ। ਅਸੀਂ ਆਪਣੇ ਵਪਾਰ ਵਿੱਚ ਵਿਭਿੰਨਤਾ ਲਿਆ ਰਹੇ ਹਾਂ ਅਤੇ ਆਪਣੇ ਕਾਮਿਆਂ ਅਤੇ ਕਾਰੋਬਾਰਾਂ ਲਈ ਨਵੇਂ ਮੌਕੇ ਪੈਦਾ ਕਰਨ ਲਈ ਵੱਡੇ ਪੱਧਰ 'ਤੇ ਨਵੇਂ ਨਿਵੇਸ਼ ਨੂੰ ਆਕਰਸ਼ਿਤ ਕਰ ਰਹੇ ਹਾਂ। ਅਸੀਂ ਘਰ ਵਿੱਚ ਵਧੇਰੇ ਨਿਸ਼ਚਤਤਾ, ਸੁਰੱਖਿਆ ਅਤੇ ਖੁਸ਼ਹਾਲੀ ਪੈਦਾ ਕਰਨ ਲਈ ਵਿਦੇਸ਼ਾਂ ਵਿੱਚ ਨਵੀਆਂ ਭਾਈਵਾਲੀ ਬਣਾ ਰਹੇ ਹਾਂ।"

ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਪ੍ਰਮੁੱਖ ਅਰਥਵਿਵਸਥਾ ਹੈ ਅਤੇ ਵਿਸ਼ਵ ਵਪਾਰ ਅਤੇ ਤਕਨਾਲੋਜੀ ਵਿੱਚ ਇੱਕ ਸ਼ਕਤੀਸ਼ਾਲੀ ਦੇਸ਼ ਹੈ। 2024 ਵਿੱਚ, ਭਾਰਤ ਕੈਨੇਡਾ ਦਾ ਸੱਤਵਾਂ ਸਭ ਤੋਂ ਵੱਡਾ ਵਸਤੂਆਂ ਅਤੇ ਸੇਵਾਵਾਂ ਵਪਾਰਕ ਭਾਈਵਾਲ ਸੀ, ਜਿਸਦਾ ਦੋ-ਪੱਖੀ ਵਪਾਰ $30।8 ਬਿਲੀਅਨ ਤੱਕ ਪਹੁੰਚਿਆ।

ਪਿਛਲੇ ਸਾਲ ਦੇ ਜੀ 20 ਲੀਡਰਸ ਸੰਮੇਲਨ ਵਿੱਚ, ਕੈਨੇਡਾ ਅਤੇ ਭਾਰਤ ਇੱਕ ਮਹੱਤਵਾਕਾਂਖੀ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਲਈ ਰਸਮੀ ਤੌਰ 'ਤੇ ਗੱਲਬਾਤ ਸ਼ੁਰੂ ਕਰਨ ਲਈ ਸਹਿਮਤ ਹੋਏ ਸਨ ਜੋ 2030 ਤੱਕ ਦੋ-ਪੱਖੀ ਵਪਾਰ ਨੂੰ ਦੁੱਗਣਾ ਕਰਕੇ $70 ਬਿਲੀਅਨ ਕਰਨ ਦੇ ਕੈਨੇਡਾ ਦੇ ਟੀਚੇ ਦਾ ਸਮਰਥਨ ਕਰੇਗਾ।

ਪਿਛਲੀ ਪਤਝੜ ਵਿੱਚ, ਜੀ20 ਲੀਡਰਸ ਸੰਮੇਲਨ ਦੇ ਹਾਸ਼ੀਏ 'ਤੇ, ਕੈਨੇਡਾ ਅਤੇ ਭਾਰਤ ਨੇ ਮਹੱਤਵਪੂਰਨ ਅਤੇ ਉੱਭਰ ਰਹੀਆਂ ਤਕਨਾਲੋਜੀਆਂ 'ਤੇ ਰਣਨੀਤਕ ਸਹਿਯੋਗ ਨੂੰ ਡੂੰਘਾ ਕਰਨ ਅਤੇ ਸਪਲਾਈ ਚੇਨਾਂ ਦੀ ਵਿਭਿੰਨਤਾ ਨੂੰ ਇੱਕ ਸੁਰੱਖਿਅਤ, ਟਿਕਾਊ ਅਤੇ ਲਚਕੀਲੇ ਭਵਿੱਖ ਵੱਲ ਵਧਾਉਣ ਲਈ ਇੱਕ ਨਵੀਂ ਤਿਕੋਣੀ ਤਕਨਾਲੋਜੀ ਅਤੇ ਨਵੀਨਤਾ ਭਾਈਵਾਲੀ ਵਿੱਚ ਪ੍ਰਵੇਸ਼ ਕੀਤਾ।

ਇਹ ਦੌਰਾ ਯੋਜਨਾਬੰਦੀ ਦੇ ਇੱਕ ਉੱਨਤ ਪੜਾਅ ਵਿੱਚ ਹੈ - ਸਮਾਂ ਦੋਵਾਂ ਪਾਸਿਆਂ 'ਤੇ ਮਹੱਤਵਪੂਰਨ ਸੋਸਤੀ ਦਾ ਸੰਕੇਤ ਦਿੰਦਾ ਹੈ। ਜਿਵੇਂ ਕਿ ਇੱਕ ਸੀਨੀਅਰ ਭਾਰਤੀ ਡਿਪਲੋਮੈਟ ਨੇ ਇਹ ਦੱਸਿਆ, ਟੀਚਾ ਕਈ ਫਾਈਲਾਂ ਵਿੱਚ ਵਿਹਾਰਕ ਤਰੱਕੀ ਹੈ, ਨਾ ਕਿ ਸੋੜੀ ਸੋਚ ਨਾਲ ਭਰਿਆ ਇੱਕ ਲੰਮਾ ਦੌਰਾ। ਯੋਜਨਾਬੰਦੀ ਦੇ ਵੇਰਵੇ ਅਨੁਸਾਰ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਡਾਇਨਾ ਫੌਕਸ ਕਾਰਨੀ ਦੇ ਨਾਲ-ਨਾਲ ਵਿਦੇਸ਼ ਮੰਤਰੀ ਅਨੀਤਾ ਆਨੰਦ ਅਤੇ ਵਿੱਤ ਮੰਤਰੀ ਫ੍ਰਾਂਸਵਾ-ਫਿਲਿਪ ਸ਼ੈਂਪੇਨ ਅਤੇ ਸੰਭਵ ਤੌਰ 'ਤੇ ਹੋਰਾਂ ਸਮੇਤ ਕਈ ਕੈਬਨਿਟ ਮੈਂਬਰਾਂ ਦੇ ਆਉਣ ਦੀ ਉਮੀਦ ਹੈ।

ਕੈਨੇਡਾ ਅਤੇ ਭਾਰਤ ਕੋਲ ਅਗਲੇ ਅਧਿਆਇ ਨੂੰ ਹੋਰ ਅਨੁਮਾਨਯੋਗ ਬਣਾਉਣ ਦੇ ਮਜ਼ਬੂਤ ਕਾਰਨ ਹਨ। ਕਾਰੋਬਾਰ ਨਿਵੇਸ਼ ਅਤੇ ਨਿਰਵਿਘਨ ਸਪਲਾਈ ਚੇਨਾਂ ਲਈ ਸਪੱਸ਼ਟ ਨਿਯਮ ਚਾਹੁੰਦੇ ਹਨ। ਸਰਕਾਰਾਂ ਸਾਫ਼ ਊਰਜਾ ਭਾਈਵਾਲੀ ਅਤੇ ਇੰਡੋ-ਪੈਸੀਫਿਕ ਵਿੱਚ ਬਿਹਤਰ ਤਾਲਮੇਲ ਚਾਹੁੰਦੀਆਂ ਹਨ। ਇਸ ਦੌਰਾਨ, ਦੋਵੇਂ ਦੇਸ਼ਾਂ ਨੂੰ ਘਰ ਵਿੱਚ ਸੰਵੇਦਨਸ਼ੀਲ ਖੇਤਰਾਂ ਦੀ ਰੱਖਿਆ ਲਈ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਕਿਸੇ ਵੀ ਤਰੱਕੀ ਨੂੰ ਵਧੇਰੇ ਅਰਥਪੂਰਨ ਬਣਾਉਂਦਾ ਹੈ।

ਇਹ ਯਾਤਰਾ ਪ੍ਰਤੀਕਾਤਮਕ ਭਾਰ ਵੀ ਰੱਖਦੀ ਹੈ। ਇਹ ਅੱਠ ਸਾਲਾਂ ਵਿੱਚ ਕਿਸੇ ਕੈਨੇਡੀਅਨ ਪ੍ਰਧਾਨ ਮੰਤਰੀ ਦਾ ਭਾਰਤ ਦਾ ਪਹਿਲਾ ਦੁਵੱਲਾ ਦੌਰਾ ਹੋਵੇਗਾ। ਜਸਟਿਨ ਟਰੂਡੋ ਦਾ ਫਰਵਰੀ 2018 ਦਾ ਦੌਰਾ 11 ਦਿਨ ਚੱਲਿਆ ਅਤੇ ਇੱਕ ਸੱਦਾ ਦਿੱਤੇ ਗਏ ਮਹਿਮਾਨ, ਜਸਪਾਲ ਅਟਵਾਲ ਦੇ ਇੱਕ ਅਧਿਕਾਰਤ ਰਿਸੈਪਸ਼ਨ ਵਿੱਚ ਪ੍ਰਗਟ ਹੋਣ ਤੋਂ ਬਾਅਦ ਇੱਕ ਚੇਤਾਵਨੀ ਵਾਲੀ ਕਹਾਣੀ ਬਣ ਗਿਆ ਅਤੇ ਨੀਤੀਗਤ ਟੀਚਿਆਂ ਤੋਂ ਭਟਕ ਗਿਆ ਸੀ। ਕਾਰਨੀ ਦਾ ਯੋਜਨਾਬੱਧ ਛੋਟਾ, ਕੇਂਦ੍ਰਿਤ, ਅਤੇ ਮਾਨ-ਸਨਮਾਨ ਵਪਾਰ 'ਤੇ ਧਿਆਨ ਕੇਂਦਰਿਤ ਕਰਨ ਲਈ ਤਿਆਰ ਕੀਤਾ ਗਿਆ ਜਾਪਦਾ ਹੈ।

ਕਾਰਨੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 2025 ਵਿੱਚ ਦੋ ਵਾਰ ਮਿਲੇ ਸਨ, ਪਹਿਲਾਂ ਜੂਨ ਵਿੱਚ ਕਨਾਨਾਸਕਿਸ ਵਿੱਚ ਜੀ7 ਲੀਡਰਸ ਸੰਮੇਲਨ ਵਿੱਚ, ਫਿਰ ਨਵੰਬਰ ਵਿੱਚ ਜੋਹਾਨਸਬਰਗ ਵਿੱਚ ਜੀ20 ਦੇ ਹਾਸ਼ੀਏ 'ਤੇ। ਮੋਦੀ ਦਾ ਕਨਾਨਾਸਕਿਸ ਸਟਾਪ ਬਹੁਪੱਖੀ ਸੀ, ਅਤੇ ਕੈਨੇਡਾ ਦੀ ਉਨ੍ਹਾਂ ਦੀ ਆਖਰੀ ਸਟੈਂਡਅਲੋਨ ਦੁਵੱਲੀ ਯਾਤਰਾ ਬਸੰਤ 2015 ਵਿੱਚ ਸੀ ਜਦੋਂ ਸਟੀਫਨ ਹਾਰਪਰ ਪ੍ਰਧਾਨ ਮੰਤਰੀ ਸਨ। ਦੂਜੇ ਸ਼ਬਦਾਂ ਵਿੱਚ, ਦੋਵੇਂ ਧਿਰਾਂ ਲਗਾਤਾਰ ਉੱਚ-ਪੱਧਰੀ ਦੌਰਿਆਂ ਦੀ ਹਾਲੀਆ ਤਾਲ ਤੋਂ ਬਿਨਾਂ ਕੰਮ ਕਰ ਰਹੀਆਂ ਹਨ, ਪੁਰਾਣੇ ਦੁਵੈਸ਼ਾਂ, ਮਨ-ਮਿਟਾਵਾਂ ਨੂੰ ਦੂਰ ਰੱਖ ਕੇ ਬਹੁਤ ਚੰਗੇ ਸਬੰਧਾਂ ਦੀ ਉਮੀਦ ਜਗਾ ਰਹੇ ਹਨ।

ਜੂਨ 2025 ਦੀ ਜੀ 7 ਮੀਟਿੰਗ ਮਾਇਨੇ ਰੱਖਦੀ ਸੀ ਕਿਉਂਕਿ ਕਾਰਨੀ ਦੇ ਮੋਦੀ ਨੂੰ ਸੱਦੇ ਨੇ ਸੁਰ ਵਿੱਚ ਰੀਸੈਟ ਦਾ ਸੰਕੇਤ ਦਿੱਤਾ ਸੀ। ਇਸਨੇ ਸੁਝਾਅ ਦਿੱਤਾ ਕਿ ਕੈਨੇਡਾ ਵਪਾਰ ਅਤੇ ਸੁਰੱਖਿਆ ਦੇ ਪਾਰ ਦੁਬਾਰਾ ਗੱਲ ਕਰਨਾ ਚਾਹੁੰਦਾ ਸੀ, ਘੱਟ ਜਨਤਕ ਘਿਰਣਾ ਦੇ ਸੰਕੇਤਾਂ ਦੇ ਨਾਲ। ਫਿਰ, ਨਵੰਬਰ 2025 ਦੀ ਜੋਹਾਨਸਬਰਗ ਮੀਟਿੰਗ ਨੇ ਢਾਂਚਾ ਜੋੜਿਆ। ਉਸ ਗੱਲਬਾਤ ਤੋਂ ਬਾਅਦ, ਦੋਵਾਂ ਧਿਰਾਂ ਨੇ ਛਓਫਓ 'ਤੇ ਗੱਲਬਾਤ ਵੱਲ ਵਧਣ ਬਾਰੇ ਗੱਲ ਕੀਤੀ, ਜਿਸ ਨਾਲ ਅਧਿਕਾਰੀਆਂ ਨੂੰ ਇੱਕ ਸਪੱਸ਼ਟ ਦਿਸ਼ਾ ਮਿਲੀ।

ਇਸ ਤਰ੍ਹਾਂ ਦੀ ਲੀਡਰ-ਪੱਧਰ ਦੀ ਹਦਾਇਤ ਠੱਪ ਪਇਆ ਫਾਈਲਾਂ ਨੂੰ ਤੇਜ਼ ਕਰ ਸਕਦੀ ਹੈ। ਨੌਕਰਸ਼ਾਹੀ ਅਕਸਰ ਰਿਆਇਤਾਂ ਦਾ ਵਪਾਰ ਕਰਨ, ਸਮਾਂ-ਸੀਮਾਵਾਂ ਸਾਂਝੀਆਂ ਕਰਨ, ਜਾਂ ਰੁਕੇ ਹੋਏ ਕਾਰਜ ਸਮੂਹਾਂ ਨੂੰ ਦੁਬਾਰਾ ਖੋਲ੍ਹਣ ਤੋਂ ਪਹਿਲਾਂ ਰਾਜਨੀਤਿਕ ਕਵਰ ਦੀ ਉਡੀਕ ਕਰਦੀ ਹੈ। ਕਾਰਨੀ ਅਤੇ ਮੋਦੀ ਦੀ ਇੱਕ ਸਾਲ ਵਿੱਚ ਦੋ ਵਾਰ ਮੁਲਾਕਾਤ ਦੇ ਨਾਲ, ਸੁਨੇਹਾ ਪੜ੍ਹਨਾ ਆਸਾਨ ਹੋ ਜਾਂਦਾ ਹੈ: ਗੱਲਬਾਤ ਨੂੰ ਸੀਮਤ ਰੱਖੋ, ਅਨੁਸ਼ਾਸਿਤ ਰਹੋ, ਅਤੇ ਪ੍ਰਗਤੀ ਦਿਖਾਓ ਜਿਸਨੂੰ ਘਰ ਵਿੱਚ ਸਮਝਾਇਆ ਜਾ ਸਕਦਾ ਹੈ।

ਨਵੀਂ ਦਿੱਲੀ ਅਤੇ ਮੁੰਬਈ ਦੋ ਟਰੈਕਾਂ ਦਾ ਸੁਝਾਅ ਦਿੰਦੇ ਹਨ ਜੋ ਸਮਾਨਾਂਤਰ ਚੱਲ ਰਹੇ ਹਨ। ਨਵੀਂ ਦਿੱਲੀ ਵਿੱਚ, ਧਿਆਨ ਆਮ ਤੌਰ 'ਤੇ ਸਰਕਾਰ 'ਤੇ ਬੈਠਦਾ ਹੈ: ਵਿਦੇਸ਼ ਨੀਤੀ, ਸੁਰੱਖਿਆ, ਅਤੇ ਵਪਾਰਕ ਗੱਲਬਾਤ ਦਾ ਰਸਮੀ ਰੂਪ। ਮੁੰਬਈ ਵਿੱਚ, ਜ਼ੋਰ ਪੂੰਜੀ ਅਤੇ ਵਣਜ ਵੱਲ ਜਾਂਦਾ ਹੈ, ਜਿਸ ਵਿੱਚ ਬੈਂਕ, ਨਿਵੇਸ਼ਕ ਅਤੇ ਵੱਡੀਆਂ ਫਰਮਾਂ ਸ਼ਾਮਲ ਹਨ ਜੋ ਜਲਦੀ ਸਾਂਝੇਦਾਰੀ ਦਾ ਐਲਾਨ ਕਰ ਸਕਦੀਆਂ ਹਨ।

ਦੋ ਦਿਨਾਂ ਦੀ ਫੇਰੀ ਅਜੇ ਵੀ ਮਾਇਨੇ ਰੱਖ ਸਕਦੀ ਹੈ ਜੇਕਰ ਇਹ ਲਿਖਤੀ ਨਤੀਜੇ ਪੈਦਾ ਕਰਦੀ ਹੈ। ਉਨ੍ਹਾਂ ਨਤੀਜਿਆਂ ਵਿੱਚ ਸਾਂਝੇ ਬਿਆਨ, ਗੱਲਬਾਤ ਲਈ ਇੱਕ ਕੈਲੰਡਰ, ਜਾਂ ਨਾਮਿਤ ਲੀਡਾਂ ਵਾਲੇ ਨਵੇਂ ਕਾਰਜ ਸਮੂਹ ਸ਼ਾਮਲ ਹੋ ਸਕਦੇ ਹਨ। ਪਟਨਾਇਕ ਦਾ "ਪੇਸ਼ੇਵਰ ਅਤੇ ਕਾਰੋਬਾਰੀ" ਫਰੇਮਿੰਗ ਵੀ ਉਮੀਦਾਂ ਨਿਰਧਾਰਤ ਕਰਦਾ ਹੈ। ਘੱਟ ਸਮਾਰੋਹ ਬੰਦ ਦਰਵਾਜ਼ੇ ਦੀਆਂ ਮੀਟਿੰਗਾਂ ਲਈ ਵਧੇਰੇ ਜਗ੍ਹਾ ਛੱਡਦਾ ਹੈ ਜਿੱਥੇ ਸਮਝੌਤੇ ਤਿਆਰ ਕੀਤੇ ਜਾਂਦੇ ਹਨ।

ਦੋਵੇਂ ਦੇਸ਼ "ਹਰ ਸੰਭਵ ਖੇਤਰ" ਵਿੱਚ ਗਤੀਵਿਧੀ ਚਾਹੁੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਅਤੇ ਕੈਨੇਡਾ ਇੱਕ "ਵਿਆਪਕ ਪੈਕੇਜ" 'ਤੇ ਵਿਚਾਰ ਕਰ ਰਹੇ ਹਨ। ਇਹ ਭਾਸ਼ਾ ਮਾਇਨੇ ਰੱਖਦੀ ਹੈ ਕਿਉਂਕਿ ਇਹ ਸੰਕੇਤ ਦਿੰਦੀ ਹੈ ਕਿ ਯਾਤਰਾ ਇੱਕ ਐਲਾਨ 'ਤੇ ਨਿਰਭਰ ਨਹੀਂ ਕਰੇਗੀ। ਇਸ ਦੀ ਬਜਾਏ, ਤਰੱਕੀ ਕਈ ਮੱਧਮ ਆਕਾਰ ਦੇ ਕਦਮਾਂ ਵਿੱਚ ਆ ਸਕਦੀ ਹੈ ਜੋ ਜੋੜਦੇ ਹਨ। ਕੈਨੇਡਾ ਸੇਵਾਵਾਂ ਅਤੇ ਨਿਵੇਸ਼ ਲਈ ਵਧੇਰੇ ਪਹੁੰਚ ਚਾਹੁੰਦਾ ਹੈ, ਅਤੇ ਇਹ ਅਨੁਮਾਨਯੋਗ ਮਾਪਦੰਡ ਵੀ ਚਾਹੁੰਦਾ ਹੈ ਜੋ ਨਿਰਯਾਤਕਾਂ ਲਈ ਘਿਰਣਾ ਨੂੰ ਘਟਾਉਂਦੇ ਹਨ। ਭਾਰਤ ਭਰੋਸੇਯੋਗ ਭਾਈਵਾਲ, ਨਵੀਂ ਪੂੰਜੀ ਅਤੇ ਤਕਨਾਲੋਜੀ ਸਹਿਯੋਗ ਚਾਹੁੰਦਾ ਹੈ, ਜਦੋਂ ਕਿ ਅਜੇ ਵੀ ਸੰਵੇਦਨਸ਼ੀਲ ਘਰੇਲੂ ਉਦਯੋਗਾਂ ਦੀ ਰੱਖਿਆ ਕਰਦਾ ਹੈ।ਜਿਵੇਂ ਕਿ ਸੰਭਾਵਤ ਫੋਕਸ ਖੇਤਰਾਂ ਵਿੱਚ ਸੇਵਾਵਾਂ, ਨਿਵੇਸ਼ ਨਿਯਮ, ਉਤਪਾਦ ਮਿਆਰ, ਡਿਜੀਟਲ ਵਪਾਰ ਨਿਯਮ, ਅਤੇ ਚੋਣਵੇਂ ਸਮਾਨ ਲਈ ਆਸਾਨ ਮਾਰਕੀਟ ਪਹੁੰਚ ਸ਼ਾਮਲ ਹੈ। ਉਦਾਹਰਨ ਲਈ, ਕੈਨੇਡੀਅਨ ਸਾਫ਼-ਤਕਨੀਕੀ ਹਿੱਸੇ ਅਤੇ ਇੰਜੀਨੀਅਰਿੰਗ ਸੇਵਾਵਾਂ ਨਵੇਂ ਪ੍ਰੋਜੈਕਟ ਲੱਭ ਸਕਦੀਆਂ ਹਨ। ਭਾਰਤੀ ਸਿੱਖਿਆ ਸੇਵਾਵਾਂ ਅਤੇ ਡਿਜੀਟਲ ਫਰਮਾਂ ਸਪਸ਼ਟ ਸੰਚਾਲਨ ਨਿਯਮਾਂ ਲਈ ਜ਼ੋਰ ਦੇ ਸਕਦੀਆਂ ਹਨ। ਜਦੋਂ ਨਿਰੀਖਣ ਨਿਯਮ ਅਤੇ ਮਿਆਰ ਇਕਸਾਰ ਹੁੰਦੇ ਹਨ ਤਾਂ ਖੇਤੀਬਾੜੀ-ਭੋਜਨ ਵਪਾਰ ਦਾ ਵਿਸਤਾਰ ਹੋ ਸਕਦਾ ਹੈ।

ਜਦ ਕਿ ਯੂਨੀਵਰਸਿਟੀਆਂ ਅਤੇ ਖੋਜ ਪ੍ਰਯੋਗਸ਼ਾਲਾਵਾਂ ਵਪਾਰ ਵਾਰਤਾਕਾਰਾਂ ਨਾਲੋਂ ਤੇਜ਼ੀ ਨਾਲ ਅੱਗੇ ਵਧ ਸਕਦੀਆਂ ਹਨ। ਨਵੇਂ ਸਕਾਲਰਸ਼ਿਪ ਲਿੰਕ, ਸੰਯੁਕਤ ਖੋਜ ਕਾਲਾਂ, ਅਤੇ ਲੈਬ-ਟੂ-ਲੈਬ ਸਾਂਝੇਦਾਰੀ ਮਹੀਨਿਆਂ ਦੇ ਅੰਦਰ ਸ਼ੁਰੂ ਹੋ ਸਕਦੀਆਂ ਹਨ। ਿ ਿ ਵ ਦ ਅ ਾ ਰ ਥ ੀ ਗਤੀਸ਼ੀਲਤਾ ਵੀ ਮਾਇਨੇ ਰੱਖਦੀ ਹੈ ਕਿਉਂਕਿ ਇਹ ਫਰਮਾਂ, ਵਿਗਿਆਨੀਆਂ ਅਤੇ ਜਨਤਕ ਸੇਵਕਾਂ ਵਿਚਕਾਰ ਲੰਬੇ ਸਮੇਂ ਦੇ ਸਬੰਧਾਂ ਨੂੰ ਆਕਾਰ ਦਿੰਦੀ ਹੈ।

ਏਆਈ ਅਤੇ ਐਡਵਾਂਸਡ ਕੰਪਿਊਟਿੰਗ ਸਾਂਝੇ ਪ੍ਰੋਜੈਕਟਾਂ ਲਈ ਇੱਕ ਵਿਹਾਰਕ ਖੇਤਰ ਵਜੋਂ ਦਿਖਾਈ ਦੇ ਸਕਦੇ ਹਨ। ਦੋਵਾਂ ਦੇਸ਼ਾਂ ਕੋਲ ਮਜ਼ਬੂਤ ਪ੍ਰਤਿਭਾ ਪੂਲ ਹਨ, ਅਤੇ ਉਹ ਸਰਕਾਰ ਅਤੇ ਕਾਰੋਬਾਰ ਵਿੱਚ ਸੁਰੱਖਿਅਤ ਗੋਦ ਲੈਣ ਵਿੱਚ ਦਿਲਚਸਪੀ ਸਾਂਝੀ ਕਰਦੇ ਹਨ। ਸਹਿਯੋਗ ਸਿਹਤ, ਲੌਜਿਸਟਿਕਸ ਅਤੇ ਜਨਤਕ ਸੇਵਾਵਾਂ ਵਰਗੇ ਖੇਤਰਾਂ ਵਿੱਚ ਟੈਸਟਿੰਗ, ਮੁਲਾਂਕਣ ਅਤੇ ਜ਼ਿੰਮੇਵਾਰ ਵਰਤੋਂ 'ਤੇ ਕੇਂਦ੍ਰਿਤ ਹੋ ਸਕਦਾ ਹੈ। ਕੈਨੇਡਾ ਕੋਲ ਵੱਡੀ ਸਰੋਤ ਸਮਰੱਥਾ ਅਤੇ ਪ੍ਰੋਜੈਕਟ ਗਿਆਨ ਹੈ। ਭਾਰਤ ਕੋਲ ਪੈਮਾਨਾ, ਮੰਗ ਵਿਕਾਸ, ਅਤੇ ਸਪਲਾਇਰਾਂ ਨੂੰ ਵਿਭਿੰਨ ਬਣਾਉਣ ਦੀ ਜ਼ਰੂਰਤ ਹੈ। ਉਹ ਮੇਲ ਭਰੋਸੇਯੋਗ ਘੋਸ਼ਣਾਵਾਂ ਪੈਦਾ ਕਰ ਸਕਦਾ ਹੈ, ਪਰ ਸਿਰਫ਼ ਤਾਂ ਹੀ ਜੇਕਰ ਦੋਵੇਂ ਧਿਰਾਂ ਸਥਿਰ ਨਿਯਮ ਅਤੇ ਪਰਮਿਟਾਂ ਅਤੇ ਪਾਲਣਾ ਦੇ ਕਦਮਾਂ ਰਾਹੀਂ ਇੱਕ ਸਪਸ਼ਟ ਰਸਤਾ ਪ੍ਰਦਾਨ ਕਰਦੀਆਂ ਹਨ।

ਇੱਥੇ ਮੁੰਬਈ ਦੀ ਭੂਮਿਕਾ ਮਾਇਨੇ ਰੱਖਦੀ ਹੈ। ਨਿੱਜੀ ਫਰਮਾਂ ਪੈਸਾ ਵਚਨਬੱਧ ਕਰ ਸਕਦੀਆਂ ਹਨ, ਮੈਮੋਰੰਡਮ 'ਤੇ ਦਸਤਖਤ ਕਰ ਸਕਦੀਆਂ ਹਨ, ਅਤੇ ਸਾਂਝੇ ਉੱਦਮ ਸਥਾਪਤ ਕਰ ਸਕਦੀਆਂ ਹਨ ਜਿੰਨਾ ਸਰਕਾਰਾਂ ਇੱਕ ਪੂਰਾ ਵਪਾਰ ਸਮਝੌਤਾ ਪੂਰਾ ਕਰ ਸਕਦੀਆਂ ਹਨ। ਜੇਕਰ ਇਹ ਯਾਤਰਾ ਨਵੀਂ ਦਿੱਲੀ ਨੀਤੀ ਦਿਸ਼ਾ ਨੂੰ ਮੁੰਬਈ ਵਪਾਰਕ ਵਚਨਬੱਧਤਾਵਾਂ ਨਾਲ ਜੋੜਦੀ ਹੈ, ਤਾਂ ਨਤੀਜਿਆਂ ਨੂੰ ਮਾਪਣਾ ਆਸਾਨ ਹੋ ਜਾਂਦਾ ਹੈ।

ਜਦ ਕਿ ਊਰਜਾ ਸਹਿਯੋਗ ਅਕਸਰ ਤਿੰਨ ਹਿਸਿਆ ਵਿੱਚ ਵੰਡਿਆ ਜਾਂਦਾ ਹੈ: ਪਰਮਾਣੂ ਸਹਿਯੋਗ ਅਤੇ ਸੁਰੱਖਿਆ, ਤੇਲ ਅਤੇ ਗੈਸ ਸਪਲਾਈ ਅਤੇ ਨਿਵੇਸ਼, ਅਤੇ ਬੈਟਰੀਆਂ ਅਤੇ ਨਿਰਮਾਣ ਲਈ ਮਹੱਤਵਪੂਰਨ ਖਣਿਜ। ਇਲੈਕਟ੍ਰਿਕ ਵਾਹਨਾਂ, ਪਾਵਰ ਗਰਿੱਡਾਂ ਅਤੇ ਰੱਖਿਆ ਸਪਲਾਈ ਚੇਨਾਂ ਦੇ ਹਿੱਸਿਆਂ ਲਈ ਮਹੱਤਵਪੂਰਨ ਖਣਿਜ ਮਾਇਨੇ ਰੱਖਦੇ ਹਨ। ਇਹ ਇਸ ਲਈ ਵੀ ਮਾਇਨੇ ਰੱਖਦੇ ਹਨ ਕਿਉਂਕਿ ਦੇਸ਼ ਘੱਟ ਚੋਕਪੁਆਇੰਟ ਅਤੇ ਵਧੇਰੇ ਭਰੋਸੇਮੰਦ ਸਪਲਾਇਰ ਚਾਹੁੰਦੇ ਹਨ।

ਇਸ ਦੇ ਨਾਲ ਹੀ ਪੁਲਾੜ ਅਤੇ ਹਵਾਈ ਖੇਤਰ ਸਹਿਯੋਗ ਵਿਹਾਰਕ ਰਹਿ ਸਕਦਾ ਹੈ। ਸਾਂਝੀ ਖੋਜ, ਵਪਾਰਕ ਭਾਈਵਾਲੀ, ਅਤੇ ਸੈਟੇਲਾਈਟ ਡੇਟਾ ਸਾਂਝਾਕਰਨ ਆਫ਼ਤ ਪ੍ਰਤੀਕਿਰਿਆ, ਫਸਲ ਨਿਗਰਾਨੀ ਅਤੇ ਸ਼ਿਪਿੰਗ ਦਾ ਸਮਰਥਨ ਕਰ ਸਕਦਾ ਹੈ। ਇਹ ਸ਼ਾਂਤ ਜਿੱਤਾਂ ਹਨ ਜੋ ਉੱਚ-ਹੁਨਰ ਸਬੰਧਾਂ ਨੂੰ ਬਣਾਉਣ ਦੇ ਨਾਲ-ਨਾਲ ਨਾਗਰਿਕਾਂ ਦੀ ਮਦਦ ਕਰਦੀਆਂ ਹਨ।

ਖੇਤੀ-ਭੋਜਨ ਵੀ ਨੇੜੇ-ਮਿਆਦ ਦੀ ਤਰੱਕੀ ਪੈਦਾ ਕਰ ਸਕਦੇ ਹਨ। ਭਾਰਤ ਨੂੰ ਖੁਰਾਕ ਸੁਰੱਖਿਆ ਅਤੇ ਸਥਿਰ ਸਪਲਾਈ ਦੀ ਪਰਵਾਹ ਹੈ। ਕੈਨੇਡਾ ਕੋਲ ਦਾਲਾਂ ਅਤੇ ਅਨਾਜ ਵਿੱਚ ਤਾਕਤ ਹੈ, ਜਦੋਂ ਕਿ ਦੋਵੇਂ ਧਿਰਾਂ ਕੋਲਡ-ਚੇਨ ਜ਼ਰੂਰਤਾਂ ਅਤੇ ਨਿਰਯਾਤ ਮਾਪਦੰਡਾਂ 'ਤੇ ਕੰਮ ਕਰ ਸਕਦੀਆਂ ਹਨ ਜੋ ਬੰਦਰਗਾਹਾਂ 'ਤੇ ਦੇਰੀ ਨੂੰ ਘਟਾਉਂਦੀਆਂ ਹਨ। ਜਦੋਂ ਨਿਯਮ ਸਪੱਸ਼ਟ ਹੁੰਦੇ ਹਨ, ਤਾਂ ਨਿਰਯਾਤਕ ਘੱਟ ਜੋਖਮ ਨਾਲ ਸ਼ਿਪਮੈਂਟ ਦੀ ਯੋਜਨਾ ਬਣਾ ਸਕਦੇ ਹਨ।ਅੰਤ ਵਿੱਚ, ਜੇਕਰ ਕਾਰਨੀ ਦੀ ਮਾਰਚ ਫੇਰੀ ਅੱਗੇ ਵਧਦੀ ਹੈ, ਤਾਂ ਨਿਰੀਖਕ ਇਸਦਾ ਨਿਰਣਾ ਇੱਕ ਸਧਾਰਨ ਚੈੱਕਲਿਸਟ ਨਾਲ ਕਰ ਸਕਦੇ ਹਨ। ਕੀ ਨੇਤਾ ਆਮ ਇਰਾਦੇ ਦੀ ਬਜਾਏ ਇੱਕ ਕੈਲੰਡਰ ਨਾਲ ਛਓਫਓ ਦੇ ਅਗਲੇ ਕਦਮਾਂ ਦਾ ਐਲਾਨ ਕਰਦੇ ਹਨ? ਕੀ ਰੱਖਿਆ ਗੱਲਬਾਤ ਪਰਿਭਾਸ਼ਿਤ ਕਾਰਜਾਂ ਅਤੇ ਨਿਯਮਤ ਮੀਟਿੰਗਾਂ ਵਾਲਾ ਇੱਕ ਕਾਰਜ ਸਮੂਹ ਪੈਦਾ ਕਰਦੀ ਹੈ? ਕੀ ਊਰਜਾ ਅਤੇ ਮਹੱਤਵਪੂਰਨ ਖਣਿਜਾਂ ਬਾਰੇ ਚਰਚਾਵਾਂ ਲਿਖਤੀ ਸਹਿਯੋਗ ਯੋਜਨਾਵਾਂ ਜਾਂ ਨਿਵੇਸ਼ ਸੰਕੇਤਾਂ ਨਾਲ ਖਤਮ ਹੁੰਦੀਆਂ ਹਨ? ਕੀ ਯੂਨੀਵਰਸਿਟੀਆਂ ਅਤੇ ਖੋਜ ਏਜੰਸੀਆਂ ਤਾਰੀਖਾਂ, ਫੰਡਿੰਗ ਅਤੇ ਸਪੱਸ਼ਟ ਯੋਗਤਾ ਦੇ ਨਾਲ ਪ੍ਰੋਗਰਾਮ ਸ਼ੁਰੂ ਕਰਦੀਆਂ ਹਨ?

ਇਹ ਸਭ ਮਾਇਨੇ ਰੱਖਦੇ ਹਨ ਕਿਉਂਕਿ ਯਾਤਰਾ ਕਾਰੋਬਾਰ ਵਰਗੀ ਹੋਣ ਦੀ ਉਮੀਦ ਹੈ, ਅਤੇ ਕਾਰੋਬਾਰ ਸਿਰਫ਼ ਉਸ ਚੀਜ਼ ਦਾ ਸਤਿਕਾਰ ਕਰਦਾ ਹੈ ਜਿਸਨੂੰ ਟਰੈਕ ਕੀਤਾ ਜਾ ਸਕਦਾ ਹੈ। ਜੇਕਰ ਮਾਰਚ ਦੇ ਸ਼ੁਰੂ ਵਿੱਚ ਨਵੀਂ ਦਿੱਲੀ ਵਿੱਚ ਠੋਸ ਵਪਾਰਕ ਸਮਝੌਤੇ ਪੈਦਾ ਹੁੰਦੇ ਹਨ ਅਤੇ ਮੁੰਬਈ ਵਿੱਚ ਵਚਨਬੱਧਤਾਵਾਂ ਪੈਦਾ ਹੁੰਦੀਆਂ ਹਨ, ਤਾਂ ਕੈਨੇਡਾ-ਭਾਰਤ ਸਬੰਧ 2026 ਤੱਕ ਸਥਿਰ ਦਿਖਾਈ ਦੇ ਸਕਦੇ ਹਨ, ਘੱਟ ਸ਼ੋਰ-ਪਰ ਉਰਜਾਂ ਅਤੇ ਸਹਿਯੋਗ - ਵਿਉਪਾਰਕ ਸਾਬਿਤ ਹੋ ਸਕਦੇ ਹਨ।



**ਸੁਰਜੀਤ ਸਿੰਘ ਫਲੋਰਾ**

# ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਏਵੀਐਮ ਵੱਲੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਭਾਰਤ ਫੇਰੀ ਦੌਰਾਨ ਕੈਨੇਡਾ-ਅੰਮ੍ਰਿਤਸਰ ਸਿੱਧੀਆਂ ਉਡਾਣਾਂ ਦਾ ਮੁੱਦਾ ਚੁੱਕਣ ਦੀ ਅਪੀਲ

**ਟੋਰਾਂਟੋ / ਵੈਨਕੂਵਰ /** ਅੰਮ੍ਰਿਤਸਰ ਜਿਵੇਂ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਦੇ ਆਪਣੇ ਪਹਿਲੇ ਅਧਿਕਾਰਤ ਦੌਰੇ ‘ਤੇ ਹਨ, ਅੰਮ੍ਰਿਤਸਰ ਦੇ ਹਵਾਈ ਸੰਪਰਕ ਨੂੰ ਬਿਹਤਰ ਕਰਨ ਲਈ ਯਤਨਸ਼ੀਲ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਉਹਨਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਉੱਚ-ਪੱਧਰੀ ਗੱਲਬਾਤ ਵਿੱਚ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਦੇ ਮੁੱਦੇ ਨੂੰ ਸ਼ਾਮਲ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਗਈ ਹੈ। ਇਹਨਾਂ ਸੰਸਥਾਵਾਂ ਦੀ ਦਲੀਲ ਹੈ ਕਿ ਟੋਰਾਂਟੋ ਅਤੇ ਵੈਨਕੂਵਰ ਤੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨਾ, ਕੈਨੇਡਾ ਅਤੇ ਭਾਰਤ ਵਿਚਾਲੇ ਲੋਕਾਂ ਦੇ ਆਪਸੀ ਸੰਪਰਕ ਨੂੰ ਮਜ਼ਬੂਤ ਕਰਨ ਲਈ ਇੱਕ ਅਹਿਮ ਕਦਮ ਹੈ। ਇਹ ਰੂਟ ਪੰਜਾਬੀ ਮੂਲ ਦੇ 10 ਲੱਖ ਤੋਂ ਵੱਧ ਕੈਨੇਡੀਅਨਾਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਵਪਾਰੀਆਂ ਦੀ ਵੱਧ ਰਹੀ ਗਿਣਤੀ ਲਈ ਲਾਹੇਵੰਦ ਹੋਵੇਗਾ। ਇਹ ਪ੍ਰਵਾਸੀਆਂ ਨੂੰ ਦੁਨੀਆ ਦੇ ਸਭ ਤੋਂ ਵੱਧ ਦੇਖੇ ਜਾਣ ਵਾਲੇ ਅਧਿਆਤਮਿਕ ਸਥਾਨਾਂ ਵਿੱਚੋਂ ਇੱਕ, ਸ੍ਰੀ ਹਰਿਮੰਦਰ ਸਾਹਿਬ ਨਾਲ ਸਿੱਧਾ ਜੋੜੇਗਾ, ਜਿਸ ਨਾਲ ਯਾਤਰੀਆਂ ਨੂੰ ਦਿੱਲੀ ਵਿੱਚ ਲੰਮੇ ਸਮੇਂ ਦੇ ਠਹਿਰਾਅ ਵਾਲੇ 25-35 ਘੰਟਿਆਂ ਦੇ ਥਕਾਵਟ ਭਰੇ ਸਫ਼ਰ ਤੋਂ ਨਿਜਾਤ ਮਿਲੇਗੀ।

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਕਨਵੀਨਰ (ਉੱਤਰੀ ਅਮਰੀਕਾ) ਅਨੰਤਦੀਪ ਸਿੰਘ ਢਿੱਲੋਂ (ਕੈਨੇਡਾ), ਅਤੇ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਤੇ ਮੰਚ ਦੇ ਓਵਰਸੀਜ਼ ਸਕੱਤਰ, ਸਮੀਪ ਸਿੰਘ ਗੁਮਟਾਲਾ ਨੇ ਇੱਕ ਸਾਂਝੇ ਬਿਆਨ ‘ਚ ਕਿਹਾ, “ਪ੍ਰਧਾਨ ਮੰਤਰੀ ਕਾਰਨੀ ਦਾ ਇਹ ਦੌਰਾ ਦੁਵੱਲੇ ਸਬੰਧਾਂ ਵਿੱਚ ਇੱਕ ਨਵੀਂ ਸ਼ੁਰੂਆਤ ਨੂੰ ਦਰਸਾਉਂਦਾ ਹੈ। ਪੰਜਾਬੀ ਭਾਈਚਾਰੇ ਦੀ ਯਾਤਰਾ ਨਾਲ ਸਬੰਧਤ ਇਸ ਸਭ ਤੋਂ ਪੁਰਾਣੀ ਮੰਗ ਨੂੰ ਹੱਲ ਕਰਨ ਤੋਂ ਵੱਧ ਕੋਈ ਹੋਰ ਵਿਹਾਰਕ ਅਤੇ ਲੋਕ-ਪੱਖੀ ਨਤੀਜਾ ਨਹੀਂ ਹੋ ਸਕਦਾ। ਸਿੱਧੀਆਂ ਉਡਾਣਾਂ ਹੁਣ ਸਿਰਫ਼ ਇੱਕ ਸਹੂਲਤ ਨਹੀਂ ਰਹੀਆਂ; ਇਹ ਵਪਾਰ, ਸਿੱਖਿਆ ਅਤੇ ਪਰਿਵਾਰਕ ਸਾਂਝ ਲਈ ਇੱਕ ਜ਼ਰੂਰਤ ਬਣ ਗਈਆਂ ਹਨ।”



Sameep Singh Gumtala - Global Convener FlyAmritsar Initiative



Anantdeep Singh Dhillon - Convener North America - FlyAmritsar Initiative

ਇਸ ਮੰਗ ਨੂੰ ਕੈਨੇਡਾ ਵਿੱਚ ਇਤਿਹਾਸਕ ਤੌਰ 'ਤੇ ਦੋਨੋਂ ਵੱਡੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਦਾ ਸਮਰਥਨ ਮਿਲਿਆ ਹੈ। ਹਾਲ ਹੀ ਦੇ ਸਾਲਾਂ ਵਿੱਚ, ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਮੋਹਿਤ ਧੰਜੂ ਵੱਲੋਂ ਸ਼ੁਰੂ ਕੀਤੀ ਗਈ ਅਤੇ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਬ੍ਰੈਡ ਵਿਜ਼ ਦੁਆਰਾ ਸਪਾਂਸਰ ਕੀਤੀ ਗਈ ਇੱਕ ਸੰਸਦੀ ਈ-ਪਟੀਸ਼ਨ ਨੇ ਸਿਰਫ਼ 30 ਦਿਨਾਂ ਵਿੱਚ 20,000 ਤੋਂ ਵੱਧ ਦਸਤਖਤ ਪ੍ਰਾਪਤ ਕੀਤੇ ਸਨ। ਇਸ ਮੁੱਦੇ ਨੂੰ ਲਿਬਰਲ ਪਾਰਟੀ ਦੀ ਸੰਸਦ ਮੈਂਬਰ ਅਤੇ ਮੰਤਰੀ ਰੂਬੀ ਸਹੋਤਾ ਸਮੇਤ ਹੋਰਨਾਂ ਆਗੂਆਂ ਵੱਲੋਂ ਵੀ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ ਹੈ। ਹਾਲਾਂਕਿ 2024 ਵਿੱਚ ਕੂਟਨੀਤਕ ਤਣਾਅ ਕਾਰਨ ਇਸ ਪੈਰਵੀ ਵਿੱਚ ਅਸਥਾਈ ਤੌਰ 'ਤੇ ਦੇਰੀ ਹੋਈ ਸੀ, ਪਰ ਹੁਣ ਸਬੰਧਾਂ ਦੇ ਆਮ ਵਾਂਗ ਹੋਣ ਨਾਲ ਭਾਈਚਾਰੇ ਦੀ ਇਸ ਪ੍ਰਮੁੱਖ ਮੰਗ ਨੂੰ ਪੂਰਾ ਕਰਨ ਦਾ ਇੱਕ ਨਵਾਂ ਮੌਕਾ ਮਿਲਿਆ ਹੈ।

ਇਸ ਅਪੀਲ ਦਾ ਇੱਕ ਮੁੱਖ ਪਹਿਲੂ ਮੌਜੂਦਾ ਹਵਾਈ ਸਮਝੌਤਿਆਂ ਨੂੰ ਸਮਝਣਾ ਹੈ। ਮੌਜੂਦਾ ਕੈਨੇਡਾ-ਭਾਰਤ ਹਵਾਈ ਸੇਵਾਵਾਂ ਸਮਝੌਤੇ ਦੇ ਤਹਿਤ, ਭਾਰਤੀ ਏਅਰਲਾਈਨਾਂ ਨੂੰ ਭਾਰਤ ਦੇ ਕਿਸੇ ਵੀ ਸ਼ਹਿਰ ਤੋਂ ਕੈਨੇਡਾ ਲਈ ਉਡਾਣ ਭਰਨ ਲਈ "ਓਪਨ ਸਕਾਈਜ਼" ਦੀ ਪਹੁੰਚ ਪ੍ਰਾਪਤ ਹੈ। ਇਸ ਦੇ ਉਲਟ, ਕੈਨੇਡੀਅਨ ਏਅਰਲਾਈਨਾਂ ਭਾਰਤ ਦੇ ਸਿਰਫ ਛੇ ਵੱਡੇ ਮਹਾਨਗਰਾਂ ਦੇ ਏਅਰਪੋਰਟ ਤੱਕ ਹੀ ਉਡਾਣਾਂ ਚਲਾ ਸਕਦੀਆਂ ਹਨ, ਜਿਸ ਸੂਚੀ ਵਿੱਚ ਫਿਲਹਾਲ ਅੰਮ੍ਰਿਤਸਰ ਸ਼ਾਮਲ ਨਹੀਂ ਹੈ।

ਗੁਮਟਾਲਾ ਨੇ ਕਿਹਾ, "ਏਅਰ ਇੰਡੀਆ ਵੱਲੋਂ ਇਸ ਅਪ੍ਰੈਲ ਵਿੱਚ ਟੋਰਾਂਟੋ ਲਈ ਆਪਣੀਆਂ ਉਡਾਣਾਂ ਦੀ ਗਿਣਤੀ ਵਧਾ ਕੇ ਹਫ਼ਤੇ ਵਿੱਚ 10 ਕਰਨ ਦੇ ਫੈਸਲੇ ਨਾਲ, ਮਾਰਕੀਟ ਦੀ ਮੰਗ ਸਪੱਸ਼ਟ ਹੈ। ਹਾਲਾਂਕਿ, ਕਿਉਂਕਿ ਕੈਨੇਡੀਅਨ ਏਅਰਲਾਈਨਾਂ ਕੋਲ ਵਰਤਮਾਨ ਵਿੱਚ ਅੰਮ੍ਰਿਤਸਰ ਲਈ ਸਿੱਧੀ ਉਡਾਣ ਭਰਨ ਦੇ ਦੁਵੱਲੇ ਅਧਿਕਾਰ ਨਹੀਂ ਹਨ, ਇਸ ਲਈ ਇਸਦਾ ਤੁਰੰਤ ਹੱਲ ਭਾਰਤੀ ਏਅਰਲਾਈਨਾਂ ਕੋਲ ਹੈ। ਅਸੀਂ ਪ੍ਰਧਾਨ ਮੰਤਰੀ ਕਾਰਨੀ ਨੂੰ ਅਪੀਲ ਕਰਦੇ ਹਾਂ ਕਿ ਉਹ ਭਾਰਤ ਸਰਕਾਰ ਨਾਲ ਆਪਣੀ ਗੱਲਬਾਤ ਵਿੱਚ ਇਸ ਮੁੱਦੇ ਨੂੰ ਉਠਾਉਣ, ਅਤੇ ਏਅਰ ਇੰਡੀਆ ਨੂੰ ਕੈਨੇਡਾ-ਅੰਮ੍ਰਿਤਸਰ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਜ਼ੋਰਦਾਰ ਵਕਾਲਤ ਕਰਨ, ਜਾਂ ਬਦਲਵੇਂ ਰੂਪ ਵਿੱਚ, ਕੈਨੇਡੀਅਨ ਏਅਰਲਾਈਨਾਂ ਲਈ ਹਵਾਈ ਸਮਝੌਤੇ ਦੇ ਅਧਿਕਾਰਾਂ ਦਾ ਵਿਸਥਾਰ ਕਰਨ ਲਈ ਗੱਲਬਾਤ ਕਰਨ।”

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਮੰਚ ਵੱਲੋਂ ਸਾਰੇ ਕੈਨੇਡੀਅਨ ਸੰਸਦ ਮੈਂਬਰਾਂ—ਖਾਸ ਕਰਕੇ ਪੰਜਾਬੀ ਮੂਲ ਦੇ ਮੈਂਬਰਾਂ—ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਜਨਤਕ ਤੌਰ 'ਤੇ ਆਪਣਾ ਸਮਰਥਨ ਪ੍ਰਗਟ ਕਰਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਮੁੱਦੇ ਨੂੰ ਹੁਣ ਜਾਂ ਭਵਿੱਖ ‘ਚ ਗੱਲਬਾਤ ਦੇ ਦੁਵੱਲੇ ਏਜੰਡੇ ਵਿੱਚ ਸ਼ਾਮਲ ਕੀਤਾ ਜਾਵੇ।

ਢਿੱਲੋਂ ਨੇ ਅੰਤ ਵਿੱਚ ਕਿਹਾ, “ਪਰਿਵਾਰਾਂ ਨੂੰ ਜੋੜਨਾ ਅਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨਾ ਇੱਕ ਸਾਂਝੀ, ਗੈਰ-ਸਿਆਸੀ ਤਰਜੀਹ ਹੋਣੀ ਚਾਹੀਦੀ ਹੈ। ਸਾਨੂੰ ਉਮੀਦ ਹੈ ਕਿ ਇਹ ਮੁੱਦਾ ਕਾਰਨੀ-ਮੋਦੀ ਗੱਲਬਾਤ ਦਾ ਇੱਕ ਅਹਿਮ ਹਿੱਸਾ ਬਣੇਗਾ।”

For media inquiries, contact

Sameep Singh Gumtala
Global Convener, FlyAmritsar Initiative
Overseas Secretary, Amritsar Vikas Manch (NGO)
Ohio, USA 45431
Email: sameepsingh.fai@gmail.com
Cellphone: +1 (937) 654-8873

Anantdeep Singh Dhillon
Convener (North America), FlyAmritsar Initiative
Victoria, BC Canada
Email: anantdhillon@gmail.com
Cellphone: +1 (250) 516-3913


joo
Just Order Online
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

# Good News: AirAsia to Fly Amritsar-Kuala Lumpur Daily from 28thMarch

## Major Boost to International Connectivity; Seamless Daily Links to Australia & Southeast Asia

